# ਕਰਵਟਾਂ

(ਕਾਵਿ ਸੰਗ੍ਰਹਿ)

# ਕਰਵਟਾਂ

(ਕਾਵਿ ਸੰਗ੍ਰਹਿ)

**ਹਰਚੰਦ ਸਿੰਘ ਗਿੱਲ**

**Karvatan**

*By*

**Harchand Singh Gill**


# 375/5, Near Lal Palace, Model Town

Jagraon-Ludhiana



Title Designed by : Navdeep Singh Gill

2011
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219



*© 2011*
*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਣ

ਉਨ੍ਹਾਂ ਸੁਹਿਰਦ ਸਾਹਿਤਕਾਰਾਂ ਨੂੰ
ਜਿਹੜੇ ਆਪਣੀਆਂ ਸੁਚੱਜੀਆਂ ਅਤੇ ਵੱਡਮੁੱਲੀਆਂ
ਰਚਨਾਵਾਂ ਦੁਆਰਾ ਸਾਹਿਤਕ ਵਿਰਸੇ ਨੂੰ ਅਮੀਰ ਬਣਾਉਣ ਵਿਚ
ਵੱਡਮੁੱਲਾ ਯੋਗਦਾਨ ਪਾਉਂਦੇ ਰਹਿੰਦੇ ਹਨ ਅਤੇ
ਜਿਨ੍ਹਾਂ ਦੀਆਂ ਲਿਖਤਾਂ ਸਮਕਾਲੀ ਸਮਾਜ ਨੂੰ ਸੁਚੱਜੀ ਸੇਧ
ਦੇਣ ਲਈ ਚਾਨਣ ਮੁਨਾਰੇ ਦਾ ਕੰਮ ਕਰਦੀਆਂ ਹਨ।

# ਤਤਕਰਾ

| | | |
|---|---|---|
| * | ਬਦਲਵੇਂ ਸਰ ਲਈ ਸੰਘਰਸ਼ | 7 |
| * | ਦੋ ਸ਼ਬਦ ਆਪਣੇ ਵੱਲੋਂ | 10 |
| 1. | ਕਰਵਟਾਂ | 13 |
| 2. | ਖ਼ਬਰ | 15 |
| 3. | ਕਲਮ ਦੀ ਤੋਰ | 16 |
| 4. | ਕਲਮਾਂ ਵਾਲਿਓ | 17 |
| 5. | ਪਿਤਾ ਦੇ ਸਵਰਗਵਾਸ ਹੋਣ ਤੇ | 18 |
| 6. | ਆਖ਼ਰੀ ਹੰਝੂ | 19 |
| 7. | ਨਵੇਂ ਸਾਲ ਦੀ ਵਧਾਈ | 20 |
| 8. | ਮੁਆਫ਼ੀ | 22 |
| 9. | ਜ਼ਮੀਰ | 25 |
| 10. | ਸੇਵਾ ਮੁਕਤੀ | 26 |
| 11. | ਇੱਕ ਦਿਨ ਉਹ ਵੀ ਆਏਗਾ | 28 |
| 12. | ਸੁਹਜ ਕਲਾਵਾਂ | 30 |
| 13. | ਸਬਰ | 32 |
| 14. | ਤੇਰਾ ਸ਼ਹਿਰ | 33 |
| 15. | ਲੋਕ | 34 |
| 16. | ਕੌੜਾ ਸੱਚ | 35 |
| 17. | ਕਿਰਦਾਰ | 36 |
| 18. | ਹੁਣ ਮੈਂ ਸੰਤੁਸ਼ਟ ਹਾਂ | 38 |

| | | |
|---|---|---|
| 19. | ਵਿਚਾਰ ਦੀ ਗੱਲ | 40 |
| 20. | ਪਸ਼ਚਾਤਾਪ | 42 |
| 20. | ਫ਼ਿਤਰਤ | 43 |
| 21. | ਯਾਦ | 44 |
| 22. | ਨਸੀਹਤ | 45 |
| 23. | ਰੱਬ ਨੂੰ ਸਜ਼ਾ | 46 |
| 24. | ਰਿਸ਼ਤੇ | 50 |
| 25. | ਭੁੱਲ | 51 |
| 26. | ਸਾਵਣ ਝੜੀਆਂ | 53 |
| 27. | ਅੰਤਿਮ ਇੱਛਾ | 54 |
| 28. | ਗੁਣ ਇਨਸਾਨੀ | 56 |
| 29. | ਦੁਨੀਆਂ ਨੂੰ ਰਾਹੇ ਪਾ ਬਾਬਾ | 57 |
| 30. | ਕੱਲ੍ਹ ਅਤੇ ਅੱਜ | 60 |
| 31. | ਜ਼ਿੰਦਗੀ | 61 |
| 32. | ਰੁੱਖ | 62 |
| 33. | ਦੇਸ਼ ਦਾ ਕਿਸਾਨ | 64 |
| 34. | ਮੈਂ ਵੇਖਦਾ ਹੀ ਰਹਿ ਗਿਆ | 65 |
| * | ਗੀਤ | 66-72 |
| * | ਗ਼ਜ਼ਲ ਭਾਗ | 73-80 |

# ਕਰਵਟਾਂ
# ਬਦਲਵੇਂ ਸੁਰ ਲਈ ਸੰਘਰਸ਼

ਪ੍ਰਾਕਿਤਕ ਸਰੋਤਾਂ ਦੀ ਇਕਸੁਰਤਾ ਤੇ ਇਕਸਾਰਤਾ ਦੀ ਨਿਰੰਤਰਤਾ ਨੇ ਵਿਅਕਤੀ ਦੀ ਮਨੋਵਿਰਤੀ ਨੂੰ ਆਪਣੇ ਨਾਲ ਵਰਤਾਰੇ ਲਈ ਉਤਸੁਕ ਕੀਤਾ। ਜਿਸ ਸਦਕਾ ਵਿਅਕਤੀ ਨੇ ਆਪਣੇ ਖ਼ੂਨ ਦੇ ਵਹਾਅ, ਦਿਲ ਦੀ ਧੜਕਣ, ਤੱਕਣੀ, ਤੋਰ, ਨਬਜ਼ ਤੇ ਵੱਖ-ਵੱਖ ਅੰਗਾਂ ਵਿਚਲੇ ਆਪਸੀ ਸਹਿਯੋਗ ਨੂੰ ਅਨੁਭਵ ਕੀਤਾ। ਇਸ ਸਾਂਝ ਨਾਲ ਜੀਵ ਤੇ ਪ੍ਰਾਕ੍ਰਿਤੀ ਦਾ ਅਟੁੱਟ ਸੰਬੰਧ ਬਣ ਗਿਆ ਤੇ ਜੀਵ ਪੂਰੀ ਤਰ੍ਹਾਂ ਕੁਦਰਤ ਉਪਰ ਨਿਰਭਰ ਹੋ ਗਿਆ। ਰੰਗਾਂ-ਤਰੰਗਾਂ ਤੋਂ ਸੁਹਜਮਈ ਆਨੰਦ-ਮਾਨਣ ਲੱਗਾ।

ਰੁੱਤਾਂ ਦੀ ਵਿਭਿੰਨਤਾ ਨੇ ਮਨੁੱਖ ਨੂੰ ਵਲਵਲਿਆਂ, ਕਲਪਨਾ ਤੇ ਤਰਕ ਵੱਲ ਸੇਧਤ ਕੀਤਾ, ਜਿਸ ਨੂੰ ਸਮਝਣ ਦੀ ਲੋੜ ਭਾਸੀ। ਜੀਵਨ ਦੀ ਸਾਵੀਂ ਚਾਲ ਨੂੰ ਸੁੱਖ ਤੇ ਉਥਲ-ਪੁਥਲ ਨੂੰ ਦੁੱਖ ਨਾਲ ਜੋੜ ਲਿਆ ਗਿਆ। ਦੁੱਖ-ਸੁੱਖ ਤੋਂ ਉਤਪੰਨ ਵਹਾਅ ਸੁਚੇਤਤਾ ਦਾ ਰੂਪ ਧਾਰਨ ਕਰ ਗਿਆ। ਰਿਸ਼ਤਿਆਂ ਦੀਆਂ ਸਾਂਝਾਂ ਨੇ ਨੇੜਤਾ ਲਿਆਂਦੀ ਤੇ ਅਪਣੱਤ ਦੀ ਭਾਵਨਾ ਪਕੇਰਾ ਯਥਾਰਥ ਬਣ ਗਈ। ਜਿਸ ਵਿਚ ਸਵਾਰਥ ਤੇ ਕਬਜ਼ੇ ਨੇ ਸਬੰਧਾਂ 'ਚ ਸਵਾਦ ਤੇ ਬੇਸੁਵਾਦੀ ਪੈਦਾ ਕਰ ਦਿੱਤੀ। ਇਸ ਦੇ ਪ੍ਰਗਟਾਵੇ ਲਈ ਬੋਲੀ ਤੇ ਲਿੱਪੀ ਦਾ ਸਹਾਰਾ ਲਿਆ। ਜੋ ਗਦ, ਪਦ ਨਾਲ ਮਾਨਵੀ ਜਗਤ ਵਿਚ ਸੰਕੋਚਮਈ ਤੇ ਵਿਸਤਰਿਤ ਰੂਪ ਵਿਚ ਆਏ। ਬੋਲਾਂ ਤੇ ਸ਼ਬਦਾਂ ਦੀ ਥਾਂ-ਸਿਰ-ਜੁੜਤ ਵਿਚੋਂ ਸੰਗੀਤ (ਰਾਗ) ਨੇ ਜਨਮ ਲਿਆ। ਜਿਸ ਨੂੰ ਕਵਿਤਾ ਕਿਹਾ ਜਾਣ ਲੱਗ ਪਿਆ।

'ਕਰਵਟਾਂ' ਹਰਚੰਦ ਸਿੰਘ ਗਿੱਲ ਦਾ ਪਹਿਲਾ ਕਾਵਿ-ਸੰਗ੍ਰਹਿ ਹੈ, ਜਿਸ ਵਿਚ 35 ਕਵਿਤਾਵਾਂ, 7 ਗੀਤ, 8 ਗ਼ਜ਼ਲਾਂ ਹਨ ਜੋ ਲੇਖੇ-ਜੋਖੇ ਪੱਖੋਂ ਸਭਿਆਚਾਰਕ ਰਿਸ਼ਤਿਆਂ ਵਿਚ ਬੱਝੇ ਹੋਏ ਹਨ। ਬਹੁਤੀਆਂ ਰਚਨਾਵਾਂ ਨਿੱਜਵਾਦੀ ਹਨ। ਕੁਝ ਕੁ ਆਦਰਸ਼ਵਾਦੀ ਤੇ ਸਮਾਜਵਾਦੀ ਪ੍ਰਗਤੀ ਨਾਲ ਜੁੜੀਆਂ ਹੋਈਆਂ ਹਨ। ਗਿੱਲ ਰਚਨਾ ਦਾ ਆਧਾਰ ਖਿਆਲ ਨੂੰ ਮੰਨਦਾ ਹੈ:

> ਤੁਰ ਪੈਂਦੀ ਏ ਕਲਮ ਤਿਖੇਰੀ,
> ਜਦ ਆਵੇ ਇਕ ਖਿਆਲ

ਕਲਮ ਦੀ ਤੋਰ ਸਾਹਿਤਕਾਰਾਂ ਨੂੰ ਮਾਨਵ-ਹਿਤ ਸਾਰਥਕਤਾ ਨਾਲ ਜੁੜਣ ਦੀ ਤਾਕੀਦ ਕਰਦਾ ਹੈ। ਜਿਸ ਦਾ ਲਗਾਅ ਦਿੱਖ-ਅਦਿੱਖ ਸਰੋਤ ਭਾਵਨਾਵਾਂ ਨਾਲ ਹੈ। ਕਵੀ ਨੈਤਿਕਤਾ ਨੂੰ ਇਸ ਦਾ ਮੁੱਖ ਧੁਰਾ ਮੰਨਦਾ ਹੈ।

ਹਾੜ੍ਹੀ ਸੌਣੀ ਵੇਚੀ ਵੱਟੀ
ਫਿਰ ਵੀ ਪੂਰੀ ਪਈ ਨਾ ਖੱਟੀ।

ਸਮੇਂ ਦੀ ਕਰਵਟ ਵਿਚ ਕਿਰਸਾਨੀ ਦੀ ਤ੍ਰਾਸਦੀ ਪ੍ਰਗਟਾਉਂਦੀ ਸਹਾਨਭੂਤੀ ਹੈ। ਕਿਰਤੀ ਮਿੱਟੀ ਨਾਲ ਮਿੱਟੀ ਹੋ ਕੇ ਵੀ ਆਪਣੀਆਂ ਜੀਵਨ ਲੋੜਾਂ ਦੀ ਪ੍ਰਾਪਤੀ ਲਈ ਅਸਮਰਥ ਰਹਿੰਦਾ ਹੈ। ਕਦੇ ਉਹ ਮੌਸਮ ਉੱਤੇ ਨਿਰਭਰ ਸੀ। ਜਦੋਂ ਉਸ ਦੀ ਕਮਾਈ ਆਰ ਜਾਂ ਪਾਰ ਹੁੰਦੀ ਸੀ। ਅੱਜ ਉਪਜ ਲਈ ਮਹਿੰਗੇ ਸਾਧਨਾਂ ਕਰਕੇ ਉਸ ਦੀ ਕਮਾਈ ਮਨਫ਼ੀ ਹੋ ਜਾਂਦੀ ਹੈ। ਦੂਸਰਾ ਜਿਉਣ ਲਈ ਮਹਿੰਗਾ ਯੁੱਗ ਹੈ। ਭਾਵੇਂ ਕਿਸਾਨ ਸਿੱਖਿਅਤ ਵਿਧੀਆਂ ਨਾਲ ਖੇਤੀ ਕਰਦਾ ਹੈ ਪਰ ਸਮੇਂ ਨੇ ਉਸ ਨੂੰ ਵੱਟਾ ਲਾਇਆ ਹੈ। ਕਵੀ ਚਾਹੁੰਦਾ ਹੈ ਕਿ ਸਰਕਾਰਾਂ, ਕਿਰਸਾਨਾਂ ਦੀ ਨਿੱਘਰ ਰਹੀ ਹਾਲਤ ਵੱਲ ਧਿਆਨ ਦੇਣ। ਖੇਤੀ ਮਸ਼ੀਨਰੀ, ਖਾਦਾਂ, ਬੀਜਾਂ, ਬਿਜਲੀ ਆਦਿ ਦੇ ਮੁੱਲ ਨੂੰ ਕਿਸਾਨਾਂ ਦੀ ਮਿਹਨਤ ਤੇ ਉਪਜ ਨਾਲ ਜੋੜੇ ਤਾਂ ਜੋ ਕਿਰਤੀ ਮਾਨਸਿਕ ਸੰਤੁਲਨ ਨਾਲ ਉਪਜ ਵਿਚ ਵਾਧਾ ਕਰ ਸਕੇ। ਇਸੇ ਕਵਿਤਾ ਵਿਚ ਗੱਭਰੂ ਤੇ ਮੁਟਿਆਰਾਂ ਨਵੇਂ-ਨਵੇਂ ਫੈਸ਼ਨਾਂ ਵਿਚ ਪਏ ਕਿਰਤ-ਸਭਿਆਚਾਰ ਤੋਂ ਦੂਰ ਹੁੰਦੇ ਜਾ ਰਹੇ ਹਨ। ਵਿਹਲੜਪੁਣਾ ਤੇ ਕੋਝੀਆਂ ਆਦਤਾਂ ਨੇ ਇਨ੍ਹਾਂ ਦੀ ਸੋਚ ਨੂੰ ਬਦਲ ਕੇ ਮਾਰੂ ਰੁੱਖ ਵੱਲ ਲਿਆ ਕੇ ਖੜ੍ਹਾ ਕਰ ਦਿੱਤਾ ਹੈ। ਕਵੀ ਪੱਛਮੀ ਰਹਿਣੀ-ਬਹਿਣੀ ਤੋਂ ਅਵਾਜ਼ਾਰ ਹੈ, ਜਿਸ ਨੂੰ ਅਸੀਂ ਅਪਣਾ ਰਹੇ ਹਾਂ ਪਰ ਉਨ੍ਹਾਂ ਦੀ ਕੰਮ ਪ੍ਰਤੀ ਭਾਵਨਾ ਨੂੰ ਗ੍ਰਹਿਣ ਕਰਨ ਤੋਂ ਮੁਨਕਰ ਹਾਂ।

'ਵਿਚਾਰ ਦੀ ਗੱਲ' ਪਰਚਾਰ, ਸਭਿਆਚਾਰ, ਕਿਰਦਾਰ ਤੇ ਸਰਕਾਰ ਦੇ ਡਿੱਗਦੇ ਚਰਿੱਤਰ ਨੂੰ ਮੂਰਤੀਮਾਨ ਕਰਦੀ ਹੈ। ਜਿਸ ਨੇ ਇਨਸਾਨੀਅਤ ਇਮਾਨ ਨੂੰ ਖੋਰਾ ਲਾਇਆ ਹੈ। ਨਿਰਦਈ, ਲਾਲਚੀ ਤੇ ਸਵਾਰਥੀ ਲੋਕ ਨੈਤਿਕਤਾ ਦਾ ਘਾਣ ਕਰ ਰਹੇ ਹਨ। ਵਰਤਮਾਨ ਵਿਚਾਰਨ ਦੀ ਗੱਲ ਹੈ ਕਿ ਅਸੀਂ ਪਰਦੂਸ਼ਤ ਸਮਾਜ ਨੂੰ ਸਦਗੁਣੀ ਬਣਾਉਣ ਲਈ ਨਿਗਰ ਉਪਰਾਲੇ ਕਿਵੇਂ ਕਰ ਸਕਦੇ ਹਾਂ। ਜੇ ਕੋਈ ਕਦਮ ਨਾ ਚੁੱਕਿਆ ਤਾਂ ਮਨੁੱਖੀ ਜੀਵਨ ਬਦ ਤੋਂ ਬਦਤਰ ਹੁੰਦਾ ਜਾਵੇਗਾ।

ਕਵੀ ਤਰਕਹੀਣ ਧਾਰਮਿਕ ਝੁਕਾਅ ਵਿਰੁੱਧ ਡਟ ਕੇ ਖੜ੍ਹੋਂਦਾ ਹੈ

ਗੂੰਗੇ ਬੋਲੇ, ਨਿਰਜਿੰਦ ਅੰਨ੍ਹੇ ਬੁੱਤਾਂ ਨੂੰ,
ਪੂਜ-ਪੂਜ ਕੇ ਦੱਸੋ ਕੀ ਸੁਆਰੋਗੇ।

ਗ਼ਜ਼ਲ ਦਾ ਸ਼ਿਅਰ ਆਪੇ ਦੀ ਪਹਿਚਾਣ ਦੀ ਤਾਕੀਦ ਕਰਦਾ ਹੈ। ਅੰਤਰੀਵ ਤਾਕਤ ਦੀ ਪ੍ਰਬਲਤਾ ਅੱਗੇ ਹੋਰ ਕੋਈ ਤਾਕਤ ਨਹੀਂ ਟਿਕਦੀ। ਅੰਧ-ਵਿਸ਼ਵਾਸ਼ੀ ਅਕਲ ਨੂੰ ਗੂੰਗੇ, ਬੋਲੇ, ਨਿਰਜ਼ਿੰਦ ਤੇ ਅੰਨ੍ਹੇ ਬੁੱਤਾਂ ਅੱਗੇ ਐਵੇਂ ਹੀ ਸੁੱਟ ਦਿੰਦਾ ਹੈ ਤੇ ਆਪਣੀ ਹੋਂਦ ਨੂੰ ਨਿਰਜ਼ਿੰਦ ਬਣਾ ਬੈਠਦਾ ਹੈ। ਇਹ ਗ਼ਜ਼ਲ ਟੀ.ਵੀ. ਵੱਲੋਂ ਕੀਤੇ ਜਾ ਰਹੇ ਥੋਥੇ ਧਾਰਮਿਕ ਪਰਚਾਰ ਤੇ ਭਵਿੱਖ ਪ੍ਰਤੀ ਬੇ-ਬੁਨਿਆਦ ਵਾਅਦਿਆਂ ਉਪਰ

ਗਹਿਰੀ ਚੋਟ ਹੈ। ਕਵੀ ਮੀਡੀਆ ਨੂੰ ਅਜਿਹਾ ਕਰਨ ਤੋਂ ਹੋੜਦਾ ਹੈ ਤੇ ਲੋਕਾਂ ਨੂੰ ਇਕਮੁੱਠ ਹੋ ਕੇ ਲਾਮਬੰਦ ਬਗਾਵਤ ਲਈ ਤਿਆਰ ਕਰਦਾ ਹੈ।

'ਇਕ ਦਿਨ ਉਹ ਵੀ ਆਵੇਗਾ' ਥੁੜੋਂ ਮਾਰੇ ਤੇ ਜ਼ੁਲਮ ਝੱਲਦੇ ਲੋਕਾਂ ਦੀ ਵਕਾਲਤ ਹੈ ਕਿ ਮਜ਼ਦੂਰਾਂ, ਕਿਸਾਨਾਂ, ਗਰੀਬਾਂ ਤੇ ਅਕਰਾ ਜੀਵਨ ਜਿਉਣ ਵਾਲਿਆਂ ਦੀਆਂ ਸਾਰਥਕ ਆਸਾਂ ਪੂਰੀਆਂ ਹੋਣੀਆਂ ਚਾਹੀਦੀਆਂ ਹਨ। ਕਵੀ ਰਾਜਨੀਤਿਕ, ਧਾਰਮਿਕ, ਸਭਿਆਚਾਰਕ, ਸਮਾਜਿਕ ਤੇ ਆਰਥਿਕ ਵਿਵਸਥਾ ਤੋਂ ਸੰਤੁਸ਼ਟ ਨਹੀਂ। ਵਰਤਮਾਨ ਨੂੰ ਬਦਲ ਕੇ ਕਿਸੇ ਹੋਰ ਹੱਕ-ਸੱਚ ਵਾਲੀ ਨਵੀਂ ਨਿਯਮਾਵਲੀ ਦੀ ਹਾਮੀ ਭਰਦਾ ਹੈ। ਜੋ ਸੰਜੀਦਗੀ ਤੇ ਤਰਕ ਸੰਗਤ ਹੋ ਕੇ ਮਾਨਵੀ ਹਿੱਤਾਂ ਨੂੰ ਅਮਲ ਵਿਚ ਲਿਆਵੇ। ਉਹ ਤਦੇ ਸੰਤੁਸ਼ਟ ਹੋਵੇਗਾ ਜਦੋਂ ਉਸ ਦੀ ਆਪਣੀ ਵਿਚਾਰਧਾਰਾ ਅਨੁਸਾਰ ਮਨੁੱਖ ਦਾ ਮਨੁੱਖ ਨਾਲ ਵਿਵਹਾਰ ਹੋਂਦ ਵਿਚ ਆਵੇਗਾ। ਉਹ ਰੰਗ ਉਧਾਰੇ ਲੈਣ ਦੇ ਹੱਕ ਵਿਚ ਨਹੀਂ ਸਗੋਂ ਸਮਾਜ ਨੂੰ ਆਪਣਾ ਰੰਗ ਚੜ੍ਹਾਉਣ ਲਈ ਸੰਘਰਸ਼ ਚਾਹੁੰਦਾ ਹੈ ਜਿੱਥੇ ਕਲਿਆਣਕਾਰੀ ਮਾਨਵੀ ਸੁਰ ਦੀ ਪ੍ਰਧਾਨਗੀ ਹੋਵੇ।

ਕਵੀ ਦੇ ਹਿਰਦੇ ਵਿਚ ਪਰਿਵਾਰਿਕ ਰਿਸ਼ਤਿਆਂ ਦੀ ਸੰਵੇਦਨਾ ਹੈ ਜਿਸ ਨੂੰ ਉਹ ਅਭੁੱਲ ਮੰਨਦਾ ਹੈ। ਪਰਿਵਾਰਿਕ ਪਿਆਰ ਵਿਚ ਵਧਦੇ ਫ਼ਾਸਲਿਆਂ ਨੂੰ ਮਿਟਾਉਣ ਦੀ ਇੱਛਾ ਰੱਖਦਾ ਹੈ। ਉਸ ਦਾ ਪੱਖ ਇਸ਼ਕ ਮਜ਼ਾਜ਼ੀ ਸਰਵਸਾਂਝੀਵਾਲਤਾ ਨਾਲ ਸਮਾਜ ਦੀਆਂ ਸਭ ਸਮੱਸਿਆਵਾਂ ਹੱਲ ਕਰਨ ਦੀ ਹਾਮੀ ਭਰਦਾ ਹੈ। ਆਪਸੀ ਸਬੰਧ ਉਕਤੀਆਂ ਨੂੰ ਭੁਲਾ ਕੇ ਹੀ ਵਧੀਆ ਬਣਾਏ ਜਾ ਸਕਦੇ ਹਨ ਤੇ ਸਮਾਜ ਪ੍ਰਗਤੀਸ਼ੀਲਤਾ ਵੱਲ ਤੁਰ ਸਕਦਾ ਹੈ।

ਹਰਚੰਦ ਸਿੰਘ ਗਿੱਲ ਦਾ ਪਲੇਠਾ ਯਤਨ ਸ਼ਲਾਘਾਯੋਗ ਉੱਦਮ ਹੈ ਜਿਸ ਵਿਚੋਂ ਉਸ ਦੀ ਵਿਚਾਰਧਾਰਕ ਪ੍ਰਵਿਰਤੀ ਦਾ ਪਤਾ ਲਗਦਾ ਹੈ। ਸ਼ਬਦਾਵਲੀ, ਪ੍ਰਗਆਅ, ਤੁਕਾਂਤ, ਪ੍ਰਗਟਾਅ, ਵਹਾਅ ਸੰਗੀਤਕਤਾ ਆਦਿ ਪੱਖੋਂ ਕਵੀ ਨੂੰ ਨਿਖਾਰ ਦੀ ਲੋੜ ਹੈ। ਗ਼ਜ਼ਲ ਗਣਿਤਕ ਕਾਵਿ ਪ੍ਰਕਿਰਿਆ ਹੈ ਜਿਸ ਦੀ ਬਹਿਰ ਵਿਭਿੰਨਤਾ ਬਹੁ-ਵਿਸ਼ਿਆਂ ਨਾਲ ਜੁੜੀ ਹੁੰਦੀ ਹੈ ਤੇ ਇਸ ਦੀ ਰਚਨਾ ਚੋਖਾ ਅਭਿਆਸ ਮੰਗਦੀ ਹੈ। ਕਵੀ ਗ਼ਜ਼ਲ ਲਿਖਣ ਦੀ ਸਮਰਥਾ ਹਾਸਲ ਕਰਨ ਦੇ ਆਹਰ ਵਿਚ ਹੈ। ਇਸ ਲਈ ਉਸ ਨੂੰ ਨਿਰੰਤਰ ਧਿਆਨ ਦੀ ਅਵਸਕਤਾ ਹੈ।

ਆਸ ਹੈ ਇਸ ਕਾਵਿ ਸੰਗ੍ਰਹਿ ਦੇ ਪ੍ਰਵੇਸ਼ ਨਾਲ ਕਵੀ ਨੂੰ ਪਾਠਕਾਂ ਵੱਲੋਂ ਸੁਝਾਉ ਹੁੰਗਾਰਾ ਮਿਲੇਗਾ। ਗਿੱਲ ਪੰਜਾਬੀ ਸਾਹਿਤ ਦੀ ਸੇਵਾ ਲਈ ਹੋਰ ਉੱਦਮ ਕਰੇਗਾ।

**-ਅਵਤਾਰ ਸਿੰਘ**

ਜੂਨ 6,2011 ਜਗਰਾਉਂ

ਮੋਬਾਇਲ 94179-88078

# ਦੋ ਸ਼ਬਦ ਆਪਣੇ ਵੱਲੋਂ

ਲਿਖਣ ਕਲਾ ਰੱਬ ਦੀ ਦੇਣ ਹੁੰਦੀ ਹੈ। ਕਲਮ ਲਿਖਾਰੀ ਦੀ ਟੋਹਣੀ ਹੁੰਦੀ ਹੈ। ਜਿਸ ਦੁਆਰਾ ਲਿਖਾਰੀ ਕਾਗ਼ਜ਼ ਦੀ ਕੈਨਵਸ ਤੇ ਸਮੇਂ-ਸਮੇਂ ਆਪਣੇ ਮਨ ਵਿਚ ਆਏ ਵਿਚਾਰਾਂ ਨੂੰ ਸਹਿਜ ਸੁਭਾਅ ਪ੍ਰਗਟ ਕਰਦਾ ਰਹਿੰਦਾ ਹੈ। ਕਾਹਲ ਵਿਚ ਜਾਂ ਧਾਰ ਕੇ ਕੁੱਝ ਵੀ ਚੰਗਾ ਨਹੀਂ ਲਿਖਿਆ ਜਾ ਸਕਦਾ। ਇਹ ਹੀ ਕਾਰਨ ਹੈ ਕਿ ਮੇਰਾ ਇਹ ਕਾਵਿ ਸੰਗ੍ਰਹਿ ਪਿਛਲੇ ਲਗਭਗ ਪੰਜਾਹ ਸਾਲਾਂ ਦੀ ਪੂੰਜੀ ਹੈ, ਜੋ ਮੈਂ ਹੁਣ ਤੱਕ ਇਕੱਠੀ ਕਰਦਾ ਆਇਆ ਹਾਂ।

ਇਸ ਕਾਵਿ ਸੰਗ੍ਰਹਿ ਵਿਚ ਵੰਨ-ਸੁਵੰਨੀਆਂ ਰਚਨਾਵਾਂ ਹਨ। ਜਿਨ੍ਹਾਂ ਨੂੰ ਕੁਝ ਹੱਦ ਤੱਕ ਗ਼ਜ਼ਲਾਂ, ਗੀਤ ਅਤੇ ਕਵਿਤਾਵਾਂ ਕਿਹਾ ਜਾ ਸਕਦਾ ਹੈ। ਮੇਰੀਆਂ ਇਹ ਕਾਵਿ ਰਚਨਾਵਾਂ ਕਿਸੇ ਖ਼ਾਸ ਵਿਧੀ-ਵਿਧਾਨ ਦੇ ਬੰਧਨਾਂ ਅਨੁਸਾਰ ਨਹੀਂ ਲਿਖੀਆਂ ਗਈਆਂ ਅਤੇ ਨਾ ਹੀ ਮੈਂ ਕਾਵਿ ਵਿਧਾ ਦਾ ਬਹੁਤਾ ਗਿਆਨ ਰਖਦਾ ਹਾਂ। ਇਹ ਹੀ ਕਾਰਨ ਹੈ ਕਿ ਕਵਿਤਾਵਾਂ ਲਿਖਣ ਸਮੇਂ ਮੈਂ ਹਰ ਤਰ੍ਹਾਂ ਦੀ ਖੁੱਲ੍ਹ ਵਰਤੀ ਹੈ। ਜੀਵਨ ਵਿਚ ਹੁਣ ਤੱਕ ਜੋ ਕੁਝ ਦੇਖਦਾ ਆਇਆ ਹਾਂ ਅਤੇ ਨਿੱਤ ਵਾਪਰਦੀਆਂ ਘਟਨਾਵਾਂ ਦਾ ਮੇਰੇ ਮਨ ਨੇ ਜੋ ਪ੍ਰਭਾਅ ਕਬੂਲਿਆ ਹੈ ਉਸ ਨੂੰ ਕਾਵਿ ਰੂਪ ਦੇਣ ਦਾ ਉਪਰਾਲਾ ਕੀਤਾ ਹੈ।

ਵਿਸ਼ੇ ਪੱਖੋਂ ਮੈਂ ਆਪਣੀਆਂ ਰਚਨਾਵਾਂ ਵਿਚ ਸਮਾਜਿਕ, ਆਰਥਿਕ ਅਤੇ ਸਮਾਜਵਾਦੀ ਵਿਸ਼ੇ ਛੋਹੇ ਹਨ। ਕੁਝ ਹੱਦ ਤੱਕ ਰੁਮਾਂਚਿਕ ਪੱਖ ਵੀ ਉਘੇੜਿਆ ਹੈ। ਅੱਜ ਕੱਲ੍ਹ ਦੀ ਰਾਜਨੀਤੀ ਦਾ ਖੋਖਲਾਪਣ, ਟੁੱਟਦੇ ਭਾਈਚਾਰਕ ਰਿਸ਼ਤੇ-ਨਾਤੇ। ਕਿਵੇਂ ਅੱਜ ਕੱਲ੍ਹ ਦੀ ਲੋਕਾ ਚਾਰੀ ਇਕ ਵਿਖਾਵਾ ਬਣ ਕੇ ਰਹਿ ਗਈ ਹੈ। ਸਮਾਜ ਵਿਚ ਠੱਗੀ, ਧੋਖਾ ਅਤੇ ਅਨਿਆਂ ਦਾ ਬੋਲਬਾਲਾ ਹੈ। ਫਿਰ ਵੀ ਆਸ ਕੀਤੀ ਜਾਂਦੀ ਹੈ ਕਿ ਇਕ ਦਿਨ ਅਜਿਹਾ ਆਵੇਗਾ, ਜਿਸ ਦਿਨ ਇਹ ਅਨਿਆਂ ਅਤੇ ਸਮਾਜਿਕ ਬੇਇਨਸਾਫ਼ੀਆਂ ਦਾ ਭੋਗ ਪੈ ਜਾਵੇਗਾ।

ਅੱਜ ਲੋਕਾਈ ਵਿਚ ਧਨ ਇਕੱਠਾ ਕਰਨ ਦੀ ਅੰਨ੍ਹੀ ਹੋੜ ਲੱਗੀ ਹੋਈ ਹੈ। ਹਰ ਰਿਸ਼ਤਾ ਪੈਸੇ ਨਾਲ ਤੋਲਿਆ ਜਾਂਦਾ ਹੈ। ਦੁਨੀਆਂ ਵਿਚੋਂ ਸਬਰ, ਹਮਦਰਦੀ ਸਤਿਕਾਰ ਅਤੇ ਸਦਭਾਵਨਾ ਜਿਵੇਂ ਖੰਭ ਲਾ ਕੇ ਉੱਡ ਗਈ ਹੈ। ਭਰੂਣ ਹੱਤਿਆ ਨੇ ਇਕ ਤਰ੍ਹਾਂ ਨਾਲ ਭਾਰਤੀ ਸਮਾਜ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਸ ਤਰ੍ਹਾਂ ਜਾਪਦਾ ਹੈ, ਜਿਵੇਂ ਸਾਰਾ ਭਾਰਤ ਖਾਸ ਕਰਕੇ ਪੰਜਾਬ ਕੁੜੀ ਮਾਰ ਹੀ ਬਣ ਗਿਆ ਹੈ।

'ਮੁਆਫ਼ੀ' ਸਿਰਲੇਖ ਹੇਠ ਕਵਿਤਾ ਵਿਚ ਨਿਮਨ ਵਰਗ ਦੇ ਲੋਕਾਂ ਦੀ ਤ੍ਰਾਸਦੀ ਬਿਆਨ ਕੀਤੀ ਹੈ। ਕਿਤੇ ਰੱਬ ਨੂੰ ਸਜਾਯੋਗ ਸਾਬਤ ਕਰਨ ਦਾ ਯਤਨ ਕੀਤਾ ਹੈ। ਕਿਤੇ ਮਨੁੱਖ ਦੀ ਭੈੜੀ ਫ਼ਿਤਰਤ ਨੂੰ ਫਿਟਕਾਰਿਆ ਹੈ। ਕੁੱਲ ਮਿਲਾ ਕੇ ਮੈਂ ਆਪਣੀਆਂ ਰਚਨਾਵਾਂ ਵਿਚ ਵੱਖ-ਵੱਖ ਸਮਾਜਿਕ ਵਿਸ਼ਿਆਂ ਨੂੰ ਛੂਹਿਆ ਹੈ। ਉਮੀਦ ਹੈ ਕਿ ਇਕ ਸਧਾਰਨ ਜਿਹੇ ਲੇਖਕ ਦੀਆਂ ਰਚਨਾਵਾਂ ਪਾਠਕਾਂ ਨੂੰ ਕੁਝ ਰੌਚਿਕਤਾ ਅਤੇ ਸੰਦੇਸ਼ ਦੇ ਸਕਣਗੀਆਂ। ਇਸ ਤੋਂ ਬਿਨਾਂ ਮੈਂ ਅਗਾਊ ਮੁਆਫ਼ੀ ਚਾਹਾਂਗਾ ਜੇਕਰ ਕਿਸੇ ਲੇਖਕ ਦੀ ਕਿਸੇ ਰਚਨਾ ਦੇ ਕੁਝ ਸ਼ਬਦ ਹੂ-ਬ-ਹੂ ਮੇਰੀ ਕਿਸੇ ਰਚਨਾਂ ਵਿਚ ਮੇਲ ਖਾ ਗਏ ਹੋਣ ਅੰਤ ਵਿਚ ਮੈਂ ਇਹ ਫ਼ੈਸਲਾ ਪਾਠਕਾਂ ਤੇ ਛੱਡਦਾ ਹਾਂ ਕਿ ਉਨ੍ਹਾਂ ਲਈ ਮੇਰਾ ਇਹ ਨਿਗੂਣਾ ਜਿਹਾ ਕਾਵਿ ਸੰਗ੍ਰਹਿ ਕਿੱਥੋਂ ਤੱਕ ਮਕਬੂਲ ਹੋਇਆ ਹੈ।

ਮੈਂ ਤਹਿ ਦਿਲੋਂ ਧੰਨਵਾਦੀ ਹਾਂ ਸਾਹਿਤ ਸਭਾ, ਜਗਰਾਉਂ (ਲੁਧਿਆਣਾ) ਦੇ ਸਭ ਮੈਂਬਰਾਂ ਦਾ ਜਿਨ੍ਹਾਂ ਨੇ ਸਮੇਂ-ਸਮੇਂ ਮੇਰੀਆਂ ਰਚਨਾਵਾਂ ਦੀਆਂ ਊਣਤਾਈਆਂ ਦਰਸਾ ਕੇ ਰਚਨਾਵਾਂ ਦਾ ਮੂੰਹ ਮੱਥਾ ਸੰਵਾਰਨ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ ਤੇ ਹੱਥਲਾ ਕਾਵਿ ਸੰਗ੍ਰਹਿ ਸਾਹਿਤ ਜਗਤ ਵਿਚ ਪੇਸ਼ ਕਰਨ ਦਾ ਹੌਂਸਲਾ ਦਿੱਤਾ ਹੈ।

**-ਹਰਚੰਦ ਸਿੰਘ ਗਿੱਲ**
ਮਿਤੀ : 9-6-2011

## ਕਰਵਟਾਂ

ਵਕਤ ਕਰਵਟਾਂ ਲੈ ਰਿਹਾ,
ਦੁਨੀਆਂ ਨੂੰ ਇਹ ਕਹਿ ਰਿਹਾ,
ਇਕ ਕਮਾਵੇ ਸਾਰਾ ਟੱਬਰ ਖਾਵੇ,
ਹੁਣ ਗੱਲਾਂ ਉਹ ਨਾ ਰਹੀਆਂ।

ਖੇਤੀ ਦਾ ਕੰਮ ਕਰਨ ਮਸ਼ੀਨਾਂ,
ਤਾਂ ਹੀ ਵਿਕਦੀਆਂ ਜਾਣ ਜਮੀਨਾਂ,
ਮੁਰਗੀ ਖਾਨੇ ਡੇਅਰੀ ਧੰਦੇ,
ਸਾਂਭ ਲਏ ਹੁਣ ਭਈਆਂ।

ਦਾਤੀ ਰੰਬੇ ਹੁਣ ਨਾ ਲੱਭਦੇ,
ਹਲ-ਪੰਜਾਲੀ ਘਰੀਂ ਨਾ ਫ਼ਬਦੇ,
ਵੱਟਾਂ-ਬੰਨੇ ਪਾਉਣ ਟ੍ਰੈਕਟਰ,
ਨਾ ਲੱਭਣ ਹੁਣ ਕਹੀਆਂ।

ਜੱਟੀ ਕੰਮ ਨੂੰ ਹੱਥ ਨਾ ਲਾਵੇ,
ਝਾੜੂ ਪੋਚੇ ਤੋਂ ਸ਼ਰਮਾਵੇ,
ਆਟਾ ਗੁੰਨ੍ਹਣਾ ਔਖਾ ਲਗਦਾ,
ਚੱਕੀਆਂ ਵਿੱਸਰ ਗਈਆਂ।

ਮੱਛੀ-ਮੋਟਰ ਜੱਟ ਲੁਆ ਕੇ,
ਪਾਣੀ ਅੰਡਰ ਗਰਾਊਂਡ ਬਣਾ ਕੇ,
ਸੌਂ ਜਾਂਦਾ ਹੈ ਕੂਲਰ ਅੱਗੇ,
ਧੁੱਪਾਂ ਜਾਣ ਨਾ ਸਹੀਆਂ।

ਮੁੰਡੇ ਕੰਮ ਨੂੰ ਹੱਥ ਨੂੰ ਪਾਉਂਦੇ,
ਵਾਲਾਂ ਨੂੰ ਉਹ ਜੈੱਲ ਲਗਾਉਂਦੇ,
ਬਾਪੂ ਜੇਕਰ ਕੰਮ ਨੂੰ ਆਖੇ,
ਪੈਂਦੇ ਲੈ-ਲੈ ਝਈਆਂ।

ਕੁੜੀਆਂ ਵੀ ਹੁਣ ਜੀਨਾਂ ਪਾਵਣ
ਬਿਊਟੀ ਪਾਰਲਰ ਨਿੱਤ ਉਹ ਜਾਵਣ
ਚੁੰਨੀ ਲੈਣਾ ਸਿਰ 'ਤੇ ਭੁੱਲੀਆਂ
ਸ਼ਰਮਾਂ ਉੱਡ-ਪੁੱਡ ਗਈਆਂ

ਹਾੜੀ ਸੌਣੀ ਵੇਚੀ ਵੱਟੀ,
ਪੂਰੀ ਨਾ ਪਈ ਫੇਰ ਵੀ ਖੱਟੀ,
ਨਿੰਮੋਝੂਣਾ ਘਰ ਨੂੰ ਮੁੜਿਆ,
ਜਦ ਖੋਲ੍ਹ ਦਿਖਾਈਆਂ ਵਹੀਆਂ।
✪

## ਖ਼ਬਰ

ਕਰ ਦਿਉ ਲੋਕਾਈ ਨੂੰ ਨਸ਼ਰ ਇਹ ਖ਼ਬਰ,
ਕਿ ਅੱਜ ਉਹ ਰੱਬ ਨੂੰ ਪਿਆਰਾ ਹੋ ਗਿਆ।

ਨੰਦੂ ਅਮਲੀ ਦੇ ਅਮਲ ਦਾ ਉਹ ਸੀ ਜੁਗਾੜ,
ਲਗਦੈ ਨੰਦੂ ਅਮਲੀ ਅੱਜ ਬੇਸਹਾਰਾ ਹੋ ਗਿਆ।

ਖੁਲ੍ਹਾ ਲਈ ਹੈ ਸੰਗਲੀ ਉਹਦੇ ਬੁਲ-ਡੌਗਾ ਨੇ,
ਲਗਦੈ ਬਿਨ ਮਾਲਕ ਉਹ ਅੱਜ ਅਵਾਰਾ ਹੋ ਗਿਆ।

ਕਹਿੰਦੇ ਸੀ ਜਿਹੜੇ ਮਰਨਾ ਜੀਣਾ ਸਾਡਾ ਇਕ ਸਾਥ ਹੈ,
ਇਕੱਲਿਆਂ ਹੀ ਜੀਣਾ ਉਨ੍ਹਾਂ ਲਈ ਗਵਾਰਾ ਹੋ ਗਿਆ।

ਲੋੜਾਂ ਥੁੜਾਂ ਲਈ ਆਉਂਦੇ ਸੀ ਜੋ ਆਸ ਲੈ,
ਉਨ੍ਹਾਂ ਲਈ ਕਰਨਾ ਔਖਾ ਗੁਜ਼ਾਰਾ ਹੋ ਗਿਆ।

ਬਣਦਾ ਰਿਹਾ ਸੀ ਮਾਝੀ ਜਿਨ੍ਹਾਂ ਲਈ ਉਹ,
ਉਨ੍ਹਾਂ ਲਈ ਅੱਜ ਦੂਰ ਕਿਨਾਰਾ ਹੋ ਗਿਆ।

ਜੁੜਦੇ ਸੀ ਉਸਦੇ ਮੈਖਾਨੇ ਹੁੰਮ-ਹੁੰਮਾ ਕੇ ਜੋ,
ਘਰ ਬੈਠ ਹੀ ਪੀਣਾ ਉਨ੍ਹਾਂ ਲਈ ਪਿਆਰਾ ਹੋ ਗਿਆ।

ਛੱਡਦੇ ਹਾਂ ਖੁਸ਼ੀਆਂ ਨਾਲ ਗਗਨਾਂ ਵਿਚ ਜੋ,
ਮੁੜਨਾ ਨਹੀਂ ਕਦੀ ਜਿਸ ਅੱਜ ਉਹ ਗੁਬਾਰਾ ਹੋ ਗਿਆ।

ਸਮਝਦੇ ਨੇ ਯਾਰ ਉਹਦੇ ਜਿੰਦਾਂ ਯਤੀਮ ਹੋ ਗਏ,
ਉਨ੍ਹਾਂ ਲਈ ਸੁੰਨਾ ਜੱਗ ਇਹ ਸਾਰਾ ਹੋ ਗਿਆ।

ਚੁਗਦੇ ਸੀ ਚੋਗ ਜਿੱਥੇ ਘੁੱਗੀਆਂ, ਕਬੂਤਰ ਅਤੇ ਮੋਰ,
ਸੁੰਨਾ ਅੱਜ ਤੋਂ ਉਹ ਚੁਬਾਰਾ ਹੋ ਗਿਆ।

ਮਰਦੇ ਨੇ 'ਗਿੱਲ' ਦੀ ਤਰ੍ਹਾਂ ਬਹੁੱਤ ਲੋਕ ਪਰ,
ਮਰਨਾ ਉਸ ਦਾ ਜਿਵੇਂ ਮੌਤ ਦਾ ਭੰਮਾਰਾ ਹੋ ਗਿਆ।
✪

## ਕਲਮ ਦੀ ਤੋਰ

ਤੁਰ ਪੈਂਦੀ ਏ ਕਲਮ ਤਿਖੇਰੀ,
ਜਦ ਆਵੇ ਇਕ ਖ਼ਿਆਲ।

ਅਰਮਾਨਾਂ ਦੀ ਗ਼ਾਰ ਜਿਹੀ ਵਿਚ,
ਲਾਟ ਜਿਹੀ ਕੋਈ ਦੇਵੇ ਬਾਲ਼।

ਤੁਰਦਾ ਜਾਪੇ ਗੇੜ ਸਮੇਂ ਦਾ,
ਤਿੱਖੀ ਹੋ ਗਈ, ਜਾਪੇ ਚਾਲ।

ਦਿਲ ਦੀ ਬੰਜਰ ਧਰਤੀ ਉੱਤੇ,
ਇਕ ਵਾਦੀ ਦਿਸੇ ਵਿਸ਼ਾਲ।

ਜਾਤ-ਪਾਤ ਮਿਟਾਵਣ ਵਾਲਾ ਜੱਗ 'ਤੇ,
ਇਕ ਤਣਦਾ ਜਾਪੇ ਸ਼ਾਲ।

ਬਾਲ, ਜਵਾਨ ਬੁੱਢੇ ਰਲ਼ਕੇ,
ਜਦ ਕਰਨ ਅਮਨ ਦੀ ਭਾਲ।

ਸਾਂਝੇ ਸਾਜ਼ ਅਮਨ ਦੇ ਲੈ ਕੇ,
ਕੋਈ ਸਾਂਝਾ ਕੱਢਣ ਤਾਲ।

ਬੰਦੇ ਦੀ ਬੰਦਾ ਦਾਰੂ ਬਣ ਕੇ,
ਜਦ ਬਣਦਾ ਦਿਸੇ ਭਿਆਲ।

ਤੁਰ ਪੈਂਦੀ ਏ ਕਲਮ ਤਿਖੇਰੀ,
ਜਦ ਆਵੇ ਇਹ ਖ਼ਿਆਲ।
✪

## ਕਲਮਾਂ ਵਾਲਿਓ

ਆਓ ਬਈ ਕਲਮਾਂ ਵਾਲਿਓ,
ਕੁੱਝ ਲਿਖੋ ਬਈ ਕਲਮਾਂ ਵਾਲਿਓ,
ਲਿਖਿਆ ਜੇ ਕੋਈ ਪੜ੍ਹ ਲਵੇ,
ਹਿੰਮਤ ਉਹ ਐਸੀ ਫੜ ਸਕੇ।
ਪਿੰਗਲਾ ਵੀ ਪਰਬਤ ਚੜ੍ਹ ਸਕੇ।
ਹੋਣ ਜਿੱਥੇ ਜ਼ੁਲਮ ਜਾਂ ਬੇਇਨਸਾਫ਼ੀਆਂ,
ਉਨ੍ਹਾਂ ਵਿਰੁੱਧ ਦੀਵਾਰ ਬਣ ਉਹ ਖੜ੍ਹ ਸਕੇ।

ਆਓ ਬਈ ਕਲਮਾਂ ਵਾਲਿਓ,
ਕੁੱਝ ਲਿਖੋ ਬਈ ਕਲਮਾਂ ਵਾਲਿਓ,
ਲਿਖਿਆ ਜੇ ਕੋਈ ਪੜ੍ਹ ਲਵੇ,
ਝੱਖੜਾਂ ’ਚ ਦੀਵੇ ਬਾਲ਼ ਦਏ।
ਦਰ ’ਤੇ ਆਈ ਮੌਤ ਨੂੰ,
ਹੱਸ ਕੇ ਉਹ ਉਹਨੂੰ ਟਾਲ਼ ਦਏ।

ਆਓ ਬਈ ਕਲਮਾਂ ਵਾਲਿਓ,
ਕੁੱਝ ਲਿਖੋ ਬਈ ਕਲਮਾਂ ਵਾਲਿਓ,
ਲਿਖਿਆ ਜੇ ਕੋਈ ਪੜ੍ਹ ਲਵੇ,
ਹੋਣ ਜਿੱਥੇ ਦੁਸ਼ਵਾਰੀਆਂ।
ਡਰ ਉਹ ਸਭ ਤਿਆਗ ਕੇ,
ਦਲੇਰੀਆਂ ਉਹ ਫੜ ਸਕੇ।

ਆਓ ਬਈ ਕਲਮਾਂ ਵਾਲਿਓ,
ਕੁੱਝ ਲਿਖੋ ਬਈ ਕਲਮਾਂ ਵਾਲਿਓ,
ਲਿਖਿਆ ਜੇ ਕੋਈ ਪੜ੍ਹ ਲਵੇ,
ਨਿੰਦਿਆ ਕਰੇ ਉਹ ਕੂੜ ਦੀ,
ਰਸਤਾ ਉਹ ਐਸਾ ਫੜ ਸਕੇ,
ਜੋਸ਼ ਐਸਾ ਪੈਦਾ ਹੋਵੇ,
ਕਿਸਮਤ ਉਹ ਅਪਣੀ ਘੜ ਸਕੇ।
✪

## ਪਿਤਾ ਦੇ ਸਵਰਗਵਾਸ ਹੋਣ ਤੇ

ਹਰ ਇੱਕ ਨੈਣੋਂ ਨੀਰ ਕਹਿਰ ਦਾ ਡੁੱਲ੍ਹਿਆ,
ਜਿਸ ਦਿਨ ਸੀ ਤੂੰ ਪੂਰਾ ਹੋਇਆ।

ਗ਼ਮ ਦੇ ਬੱਦਲ ਚੜ੍ਹ ਕੇ ਆਏ,
ਅੰਬਰ ਵੀ ਜੀ ਭਰ ਕੇ ਰੋਇਆ।

ਨੈਣਾਂ ਦੇ ਗਏ ਦੀਪ ਸਰਾਪੇ,
ਸਾਹਾਂ ਨੇ ਜਦ ਬੂਹਾ ਢੋਇਆ।

ਗ਼ਮ ਹੰਢਾਏ ਸਾਰੀ ਉਮਰਾ,
ਸੁੱਖ ਨਾ ਤੇਰੇ ਕੋਲ ਖਲੋਇਆ।

ਫਰਜ਼ਾਂ ਦੀ ਪੰਡ ਚੁੱਕੀ ਫਿਰਿਆ,
ਭਾਰ ਨਾ ਇਹਦਾ ਹੌਲਾ ਹੋਇਆ।

ਮੌਤ ਫ਼ਰਿਸ਼ਤਾ ਆਖਣ ਲੱਗਾ,
ਛੇੜੋ ਨਾ ਕੋਈ ਧਰਮੀ ਮੋਇਆ।

ਧੀਆਂ ਪੁੱਤਰ ਤੋਰਕੇ ਪਾਸੀਂ,
ਇਸ ਦੁਨੀਆਂ ਤੋਂ ਚਲਦਾ ਹੋਇਆ।

ਦਿਲ ਵਿਚ ਗ਼ਮ ਬਿਠਾਇਆ ਐਸਾ,
ਖ਼ਬਰੇ ਗ਼ਮ ਤੂੰ ਕਿਉਂ ਲੁਕੋਇਆ।

ਮੌਤ ਨਿਮਾਣੀ ਪਹਿਰਾ ਪਾਇਆ,
ਆਖੇ ਹੁਣ ਇਹ ਮੇਰਾ ਹੋਇਆ।
✪

## ਆਖ਼ਰੀ ਹੰਝੂ

ਪਲਕਾਂ ਦੀ ਛਾਂ ਦਿੱਤੀ ਸਾਨੂੰ,
ਤੈਨੂੰ ਅੱਗ ਦੀ ਭੇਟ ਚੜ੍ਹਾ ਚੱਲੇ ਹਾਂ।

ਆਪਣੇ ਹੱਥੀਂ ਤੋਰਕੇ ਤੈਨੂੰ,
ਲਾਟਾਂ ਦੇ ਵੱਸ ਪਾ ਚੱਲੇ ਹਾਂ।

ਚਿਤਾ ਬਲ਼ੀ ਸੀ ਜਿੱਥੇ ਤੇਰੀ,
ਉੱਥੇ ਸੀਸ ਨਿਵਾ ਚੱਲੇ ਹਾਂ।

ਤੇਰਾ ਸਾਡਾ ਸਾਥ ਸੀ ਏਨਾ,
ਮਨ ਨੂੰ ਇਉਂ ਸਮਝਾ ਚੱਲੇ ਹਾਂ।

ਲੱਭਿਆਂ ਵੀ ਤੂੰ ਲੱਭਣਾ ਨਾਹੀਂ,
ਫਿਰ ਵੀ ਦੀਪ ਜਗਾ ਚੱਲੇ ਹਾਂ।

ਖ਼ਬਰੇ ਕਿਹੜੇ ਜਾਮੇ ਮਿਲ ਪਏਂ,
ਦਿਲ ਨੂੰ ਲਾਰਾ ਲਾ ਚੱਲੇ ਹਾਂ।

ਤੇਰੇ ਬਿਨ ਹੁਣ ਕਾਹਦਾ ਆਉਣਾ,
ਆਖ਼ਰੀ ਵਾਰ ਦਾ ਆ ਚੱਲੇ ਹਾਂ।

ਆਖ਼ਰੀ ਹੰਝੂ ਕੇਰ ਕੇ ਨੈਣੋਂ,
ਰਾਖ ਤੇਰੀ ਗਰਮਾ ਚੱਲੇ ਹਾਂ।
✪

## ਨਵੇਂ ਸਾਲ ਦੀ ਵਧਾਈ

ਦੂਰ ਦੁਰੇਡੇ,
ਪਿੰਡ ਵਿਚ ਵਸਦੇ ਮੇਰੇ ਯਾਰਾ,
ਇਸ ਦੁਨੀਆਂ ਤੇ ਬਣ ਚੁੱਕਾ ਏ,
ਰਸਮਾਂ ਦਾ ਇਕ ਭਾਈਚਾਰਾ,

ਇਸ ਸਦੀ ਦੇ ਨਵੇਂ ਸਾਲ ਦੀ,
ਰਸਮੋਂ ਰਸਮੀ ਅੱਜ ਵਧਾਈ,
ਮੈਂ ਵੀ ਤੈਨੂੰ ਭੇਜ ਰਿਹਾ ਹਾਂ,
ਸੁਖੀਂ ਵਸੇ ਤੇਰਾ ਦੁਆਰਾ।

ਏਸ ਵਰ੍ਹੇ ਤੂੰ ਮੌਜਾਂ ਮਾਣੇ,
ਮਨ ਤੇ ਬੋਝ ਰਹੇ ਨਾ ਕੋਈ,
ਹੱਸਣ-ਖੇਡਣ ਬਾਲ ਇਞਾਣੇ,
ਭਾਵੇਂ ਲਗਦਾ ਇਹ ਇਕ ਲਾਰਾ।

ਏਸ ਗੱਲ ਦਾ ਇਲਮ ਹੈ ਮੈਨੂੰ,
ਜੇਠ ਹਾੜ ਦੀਆਂ ਧੁੱਪਾਂ ਜਰਦਾ,
ਪੋਹ ਮਾਘ ਨੂੰ ਠੁਰ-ਠੁਰ ਕਰਦਾ,
ਔਖ ਨਾਲ ਤੂੰ ਕਰੇਂ ਗੁਜ਼ਾਰਾ।

ਰੋਡਵੇਜ਼ ਦੀ ਲਾਰੀ ਵਰਗਾ,
ਨਾ ਬੂਹਾ ਨਾ ਬਾਰੀ ਜਿੱਥੇ,
ਉਸ ਸਕੂਲੇ ਬੱਚੇ ਪੜ੍ਹਦੇ,
ਇੱਕ ਟਾਟ ਦੇ ਟੁਕੜੇ ਖ਼ਾਤਰ,
ਰੋਜ਼ ਸਵੇਰੇ ਡਹਿ-ਡਹਿ ਮਰਦੇ,
ਸੇਕਰਿਡ ਹਾਰਟ ਸਕੂਲਾਂ ਵਾਲਾ
ਦੇ ਨਾ ਸਕੇਂ ਖਰਚਾ ਭਾਰਾ।

ਹਰ ਸਾਲ ਤੂੰ ਹਿੰਮਤ ਕਰਦਾ,
ਬੈਂਕ ਦੀ ਕਾਪੀ ਸਾਫ਼ ਕਰਨ ਲਈ,
ਆੜ੍ਹਤੀਆਂ ਦਾ ਵਿਆਜ ਭਰਨ ਲਈ,
ਨਵੇਂ ਸਾਲ ਦੀ ਲਿਮਟ ਬਣਾਕੇ,
ਲੈ ਲੈਂਦਾ ਏਂ ਕਰਜ ਦੁਆਰਾ।

ਫ਼ਿਕਰ ਇਹ ਤੈਨੂੰ ਵੱਢ-ਵੱਢ ਖਾਏ,
ਧੀ ਹੁਣ ਕੋਠੇ ਜਿੱਡੀ ਹੋਈ।
ਸਰਦਾ ਪੁਜਦਾ ਵਰ ਮਿਲ ਜਾਏ,
ਸੰਸਾ ਲਹਿ ਜਾਏ ਮਨ ਤੋਂ ਭਾਰਾ।

ਅਮਰੀਕਨ ਸੁੰਡੀ ਏਸ ਵਾਰ ਵੀ,
ਪੱਤ-ਪੱਤ ਕਰਕੇ ਨਰਮਾ ਖਾ ਗਈ,
ਫੁੱਟੀ ਇਕ ਵੀ ਘਰ ਨਾ ਆਈ,
ਸੁਸਰੀ ਵਾਲੀ ਕਣਕ ਹੀ ਖਾਕੇ,
ਤੇਰਾ ਚਲਦਾ ਹੋਊ ਗੁਜ਼ਾਰਾ।

ਵੇਖੀਂ ਦਿਲ ਢੇਰੀ ਢਾਅ ਨਾ ਬੈਠੀਂ,
ਗ਼ਮ ਕੋਈ ਦਿਲ ਨੂੰ ਲਾ ਨਾ ਬੈਠੀਂ।
ਰੱਬ ਉਨ੍ਹਾਂ ਦੀ ਬਾਂਹ ਹੈ ਫੜਦਾ,
ਹਿੰਮਤ ਦਾ ਜੋ ਲੈਣ ਸਹਾਰਾ।

ਦੂਰ ਦੁਰੇਡੇ ਪਿੰਡ ਵਿਚ ਵਸਦੇ,
ਮੇਰੇ ਯਾਰਾ।
ਇਸ ਦੁਨੀਆਂ ਤੇ ਬਣ ਚੁੱਕਾ ਏ,
ਰਸਮਾਂ ਦਾ ਇਕ ਭਾਈਚਾਰਾ।
✪

## ਮੁਆਫ਼ੀ

ਮੈਂ ਉਨ੍ਹਾਂ ਤੋਂ ਮੁਆਫ਼ੀ ਲੋੜਦਾ ਹਾਂ।
ਹੱਥ ਉਨ੍ਹਾਂ ਅੱਗੇ ਜੋੜਦਾ ਹਾਂ।
ਜਿਨ੍ਹਾਂ ਲਈ ਕੁੱਝ ਲਿਖ ਨਹੀਂ ਸਕਿਆ
ਦੁੱਖ ਦਰਦ ਜਿਨ੍ਹਾਂ ਦਾ ਦਿਸ ਨਹੀਂ ਸਕਿਆ।
ਭਰੂਣ ਮਾਸੂਮਾਂ ਧੀਆਂ ਦੇ,
ਕੁੱਖਾਂ ਵਿਚ ਮਾਰੇ ਜਾਂਦੇ ਨੇ।
ਨਸੀਬ ਜਿਨ੍ਹਾਂ ਅਬਲਾਵਾਂ ਦੇ,
ਜੂਏ ਵਿਚ ਹਾਰੇ ਜਾਂਦੇ ਨੇ।
ਉਨ੍ਹਾਂ ਤੋਂ ਮੁਆਫ਼ੀ....

ਕਚਰੇ ਦੇ ਲੱਗੇ ਢੇਰਾਂ ’ਚੋਂ,
ਖਾਣ ਲਈ ਜੂਠਾਂ ਭਾਲਦੇ ਨੇ,
ਕੇਵਲ ਜਿਉਣ ਦੀ ਖ਼ਾਤਰ ਹੀ,
ਲੱਖ ਘਾਲਣਾ ਘਾਲਦੇ ਨੇ।
ਜਿਨ੍ਹਾਂ ਮੰਗਿਆ ਹੱਕ ਆਜ਼ਾਦੀ ਦਾ,
ਉਨ੍ਹਾਂ ਲਈ ਮੌਤ ਦੇ ਫਰਮਾਨ ਹੋਏ,
ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਸੀ।
ਜੋ ਦੇਸ਼ ਲਈ ਕੁਰਬਾਨ ਹੋਏ,
ਉਨ੍ਹਾਂ ਤੋਂ ਮੁਆਫ਼ੀ....

ਜਿਹੜੇ ਸਹਿੰਦੇ ਬੇਇਨਸਾਫ਼ੀ ਨਾ,
ਜਿਹੜੇ ਭਾਂਬੜ ਇੱਕ ਮਚਾ ਜਾਂਦੇ,
ਇਹ ਦੁਨੀਆਂ ਇਕ ਸਵਰਗ ਬਣੇ।
ਜਿਹੜੇ ਐਸੀ ਰਾਸ ਰਚਾ ਜਾਂਦੇ,
ਜਿਹੜੇ ਕਲਮ ਦੀ ਕਲਾ ਦਿਖਾਉਂਦੇ ਨੇ
ਦੁਨੀਆਂ ਨੂੰ ਰਾਹੇ ਪਾਉਂਦੇ ਨੇ।
ਇਹ ਜੀਵਨ ਕਿੱਦਾਂ ਜਿਉਣਾ ਹੈ,
ਦੁਨੀਆਂ ਨੂੰ ਇੰਝ ਸਮਝਾਉਂਦੇ ਨੇ।
ਉਨ੍ਹਾਂ ਤੋਂ ਮੁਆਫ਼ੀ....

ਜੋ ਪੀਰ ਪੈਗੰਬਰ ਜਣਦੀ ਹੈ,
ਪਰ ਸਮਝੀ ਜਾਂਦੀ ਜੁੱਤੀ ਹੈ,
ਜੋ ਸਭ ਦੀ ਕਿਸਮਤ ਘੜਦੀ ਹੈ।
ਜੀਦੀ ਆਪਣੀ ਕਿਸਮਤ ਸੁੱਤੀ ਹੈ।
ਜੋ ਪੀਰ ਪੈਗੰਬਰ ਜਣਦੀ ਹੈ।
ਉਹ ਵਿਚ ਬਾਜ਼ਾਰਾਂ ਵਿਕਦੀ ਹੈ।
ਕਲਮ ਉਹ ਕਿੰਨੀ ਜ਼ਾਲਮ ਹੈ।
ਤਕਦੀਰ ਜੋ ਇਹਦੀ ਲਿਖਦੀ ਹੈ।
ਉਨ੍ਹਾਂ ਤੋਂ ਮੁਆਫ਼ੀ....

ਗੁੰਗੇ, ਬੋਲੇ, ਨੇਤਰਹੀਣ,
ਲੋਕਾਂ ਦੇ ਜੋ ਤਰਸ ਤੇ ਜੀਣ,
ਲੱਤੋਂ ਆਝੀ, ਹੱਥੋਂ ਆਝੀ
ਜੀਵਨ ਜਿਉਂਦੇ ਵਿਚ ਮੁਥਾਜੀ
ਧੀ ਜੋ ਕਿਸੇ ਨਿਰਧਨ ਦੀ,
ਸੜਕਾਂ ਤੇ ਰੋੜੀ ਢੋਂਦੀ ਹੈ,
ਥਾਂ-ਥਾਂ ਪਾਟੇ ਸਾਲੂ ਨਾਲ,
ਆਪਣਾ ਆਪ ਲੁਕਾਉਂਦੀ ਹੈ,
ਉਨ੍ਹਾਂ ਤੋਂ ਮੁਆਫ਼ੀ....

ਭੁੱਖੇ ਉਧਰਾਂ 'ਚੋਂ ਜੰਮਦੇ ਨੇ,
ਭੁੱਖੇ ਰਹਿ-ਰਹਿ ਪਲਦੇ ਨੇ,
ਗੁਰਬਤ ਵਿਚ ਹੀ ਜਿਉਂਦੇ ਨੇ,
ਪਰ ਭਾਂਬੜ ਦਿਲ ਵਿਚ ਬਲਦੇ ਨੇ,
ਜੋ ਅੰਨ ਦਾਤੇ ਅਖਵਾਉਂਦੇ ਨੇ,
ਜਦ ਕਰਜਾ ਮੋੜ ਨਾ ਸਕਦੇ ਉਹ
ਅਣਚਾਹੀ ਮੌਤੇ ਮਰਦੇ ਨੇ,
ਉਨ੍ਹਾਂ ਤੋਂ ਮੁਆਫ਼ੀ....

ਦੇਸ਼ ਦੀ ਰਾਖੀ ਕਰਨ ਲਈ,
ਸੀਨੇ ਤੇ ਗੋਲੀ ਜਰਦੇ ਨੇ,
ਧੰਨ ਜਿਗਰੇ ਉਨ੍ਹਾਂ ਮਾਵਾਂ ਦੇ,
ਦਿਨ ਕੱਟਣ ਹੌਕੇ ਹਾਵਾਂ ਦੇ,
ਹੱਡ ਭੰਨਵੀਂ ਮਿਹਨਤ ਕਰਕੇ ਵੀ,
ਫੁੱਟ ਪਥਾਂ ਤੇ ਆ ਸੌਂਦੇ ਨੇ,
ਆਕਾਸ਼ ਜਿਨ੍ਹਾਂ ਲਈ ਛੱਤਰੀ ਹੈ।
ਗਿਣ ਤਾਰੇ ਰਾਤ ਲੰਘਾਉਂਦੇ ਨੇ।
ਉਨ੍ਹਾਂ ਤੋਂ ਮੁਆਫ਼ੀ ਲੋੜਦਾ ਹਾਂ....
ਹੱਥ ਉਨ੍ਹਾਂ ਅੱਗੇ ਜੋੜਦਾ ਹਾਂ
ਜਿਨ੍ਹਾਂ ਲਈ ਕੁੱਝ ਲਿਖ ਨਹੀਂ ਸਕਿਆ
ਦੁੱਖ ਦਰਦ ਜਿਨ੍ਹਾਂ ਦਾ ਦਿਸ ਨਹੀਂ ਸਕਿਆ
✪

## ਜ਼ਮੀਰ

ਸੋਚਾਂ ਦੇ ਦਰ ਸੌੜੇ ਹੋਏ,
ਪਰ ਬੰਦਾ ਹੋਇਆ ਅਮੀਰ।
ਆਪਸ ਵਿਚ ਲੜਾ ਕੇ ਜਨਤਾ,
ਫਿਰ ਨੇਤਾ ਹੁੰਦੇ ਤੀਰ।
ਪਿਆਰ ਮੁਹੱਬਤ ਸਾਂਝਾਂ ਵੱਲੋਂ,
ਹਰ ਦਿਲ ਦਿਸੇ ਫ਼ਕੀਰ।
ਪਈ ਆਪਾ-ਧਾਪੀ ਗਈ ਸੋਚ ਸਰਾਪੀ,
ਨਾ ਰਿਹਾ ਕੋਈ ਸੀਰ।
ਭਾਈਚਾਰੇ ਅੱਜ ਹੋਏ ਨਿਕਾਰੇ,
ਨਾ ਕੋਈ ਬਨ੍ਹਾਵੇ ਧੀਰ।
ਸ਼ਰਮ ਧਰਮ ਸਭ ਛੁਪ ਖਲੋਏ।
ਨਾ ਰਿਹਾ ਗੁਰ ਪੀਰ।
ਹਰ ਸ਼ੈ ਦਾ ਮੁੱਲ ਵਧਿਆ ਭਾਵੇਂ,
ਪਰ ਸਸਤੀ ਹੋਈ ਜ਼ਮੀਰ।
✪

## ਸੇਵਾ ਮੁਕਤੀ

ਆ ਸੱਜਣੀਂ ਹੁਣ ਘਰ ਨੂੰ ਮੁੜੀਏ,
ਸ਼ਾਮਾਂ ਢਲੀਆਂ ਜਿੱਦਾਂ ਮੁੜਦੇ ਚਿੜੀਆਂ, ਤੋਤੇ ਕਾਂ।
ਆਪਣਾ ਘਰ ਭਾਵੇਂ ਛੱਪਰ ਹੋਵੇ, ਕਹਿਣ ਸਿਆਣੇ
ਘਰ ਵਰਗੀ ਨਾ ਕੋਈ ਥਾਂ। ਆ ਸੱਜਣੀ....

ਸਰਘੀ ਵੇਲੇ ਚੋਗ ਚੁਗਣ ਲਈ,
ਛੱਡ ਆਲ੍ਹਣੇ ਪੰਛੀ ਉੱਡਦੇ
ਫੇਰ ਤ੍ਰਕਾਲੀਂ ਪਰਤਣ ਉਸੇ ਥਾਂ। ਆ ਸੱਜਣੀ....

ਖੱਟ ਕਮਾ ਕੇ, ਉਮਰ ਹੰਢਾ ਕੇ,
ਆਖਿਰ ਨੂੰ ਉਹ ਥੱਕ ਹਾਰ ਕੇ
ਹਰ ਕੋਈ ਮੁੜਦਾ ਆਪਣੇ ਅੰਤ ਗਿਰਾਂ। ਆ ਸੱਜਣੀ....

ਇਹ ਦੁਨੀਆਂ ਹੈ ਰੈਣ ਵਸੇਰਾ,
ਹਰ ਕੋਈ ਆਪਣਾ ਫ਼ਰਜ਼ ਨਿਭਾ ਕੇ,
ਛੱਡ ਜਾਂਦਾ ਏ ਵਾਂਗ ਸਰਾਂ। ਆ ਸੱਜਣੀ....

ਸੇਵਾ ਮੁਕਤੀ ਅੱਜ ਤੋਂ ਹੋਈ,
ਫ਼ਰਜ਼ਾਂ ਦੀ ਪੰਡ ਹੌਲੀ ਹੋਈ
ਬਹੁ ਬੀਤੀ ਥੋੜ੍ਹ ਰਹੀ ਪਿਛਾਂਹ। ਆ ਸੱਜਣੀ....

ਮੋਢੇ ਨਾਲ ਜੋੜ ਕੇ ਮੋਢਾ,
ਇਕ ਦੂਜੇ ਸੰਗ ਤੁਰਦੇ ਆਏ,
ਬੁੱਢ ਵਰੇਸ ਦੀ ਫੜ ਡੰਗੋਰੀ
ਅਸੀਂ ਤੁਰਨਾ ਹੋਰ ਅਗਾਂਹ। ਆ ਸੱਜਣੀ....

ਆ ਸੱਜਣੀ ਹੁਣ ਘਰ ਨੂੰ ਮੁੜੀਏ,
ਸ਼ਾਮਾਂ ਢਲੀਆਂ ਜਿੱਦਾਂ ਮੁੜ੍ਹਦੇ ਚਿੜੀਆਂ, ਤੋਤੇ, ਕਾਂ।
ਆਪਣਾ ਘਰ ਚਾਹੇ ਛੱਪਰ ਹੋਵੇ, ਕਹਿਣ ਸਿਆਣੇ।
ਘਰ ਵਰਗੀ ਨਾ ਕੋਈ ਥਾਂ। ਆ ਸੱਜਣੀ....
✪

## ਇੱਕ ਦਿਨ ਉਹ ਵੀ ਆਏਗਾ

ਇੱਕ ਦਿਨ ਉਹ ਵੀ ਆਏਗਾ,
ਜਿਸ ਦਿਨ ਦੁਨੀਆਂ ਦਾ ਹਰ ਇਕ ਬੰਦਾ,
ਗੀਤ ਖ਼ੁਸ਼ੀ ਦੇ ਗਾਏਗਾ।
ਇਕ ਦਿਨ ਉਹ ਵੀ ਆਏਗਾ।

ਜਿਸ ਦਿਨ ਰੋਟੀ ਤੋਂ ਆਤੁਰ ਹੋ,
ਕੋਈ ਗਲੀਆਂ ਵਿਚ ਨਾ ਘੁੰਮੇਗਾ।
ਤਨ ਦੀਆਂ ਲੀਰਾਂ ਲੋੜਨ ਲਈ,
ਨਾ ਵਿਚ ਦਿਲਗੀਰੀ ਗੁੰਮੇਗਾ।
ਜਿਸ ਦਿਨ ਵਾਸੀ ਕੁੱਲੀ ਦਾ,
ਅੰਬਰਾਂ ਨੂੰ ਜਾ ਚੁੰਮੇਗਾ।
ਜਿਸ ਦਿਨ ਆਪਣੀ ਮਿਹਨਤ ਦਾ,
ਕੋਈ ਆਪੇ ਹੀ ਮੁੱਲ ਪਾਏਗਾ।
ਇੱਕ ਦਿਨ ਉਹ ਵੀ ਆਏਗਾ।

ਨਾ ਭੇਦ ਰਹੇਗਾ ਜਾਤਾਂ ਦਾ,
ਨਾ ਦੌਲਤ ਰਾਜ ਕਮਾਏਗੀ।
ਜਿਸ ਦਿਨ ਮਿਹਨਤ ਕਾਮੇ ਦੀ,
ਆਪਣਾ ਕਰਜ਼ ਚੁਕਾਏਗੀ।
ਜਿਸ ਦਿਨ ਅਰਮਾਨ ਕਿਸੇ ਲਾਚਾਰੇ ਦੇ,
ਨਾ ਪੂਰੇ ਹੋਣ ਨੂੰ ਸਹਿਕਣਗੇ।
ਜਿਸ ਦਿਨ ਹਰ ਕਾਮੇ ਦੇ ਘਰ,
ਫੁੱਲ ਖ਼ੁਸ਼ੀਆਂ ਦੇ ਮਹਿਕਣਗੇ।
ਜਿਸ ਦੁਨੀਆਂ ਦਾ ਹਰ ਕਾਮਾ,
ਰੱਜ ਕੇ ਰੋਟੀ ਖਾਏਗਾ।
ਇਕ ਦਿਨ ਉਹ ਵੀ ਆਏਗਾ।

ਜਿਸ ਦਿਨ ਮਾਲਕ ਖੇਤਾਂ ਦਾ,
ਮਨ ਦੀਆਂ ਮੌਜਾਂ ਮਾਣੇਗਾ।
ਜਿਸ ਦਿਨ ਕਾਮਾ ਦੁਨੀਆਂ ਦਾ,
ਮਿੱਟੀ 'ਚੋਂ ਸੋਨਾ ਛਾਣੇਗਾ।
ਜਿਸ ਦਿਨ ਕਾਮੇ ਦੀ ਮਿਹਨਤ ਦੀ,
ਹਰ ਕੋਈ ਕੀਮਤ ਪਾਏਗਾ,
ਇੱਕ ਦਿਨ ਉਹ ਵੀ ਆਏਗਾ।

ਨਾ ਪਾਪ ਤੁਲੇਗਾ ਜ਼ਾਲਮ ਦਾ,
ਨਾ ਦੌਲਤ ਰਾਜ ਕਮਾਏਗੀ।
ਜਿਸ ਦਿਨ ਦਾਤਾ ਸਭਨਾਂ ਨੂੰ,
ਮਿਹਨਤ ਦਾ ਫ਼ਲ ਦੇਵੇਗਾ।
ਜਿਸ ਵਾਸੀ ਇਸ ਧਰਤੀ ਦਾ,
ਕਾਮੇ ਦਾ ਨਾਂ ਸੇਵੇਗਾ।
ਜਿਸ ਦਿਨ ਉੱਚੇ ਨੀਵੇਂ ਦਾ,
ਭੇਦ ਸਦਾ ਮਿਟ ਜਾਏਗਾ।
ਇਕ ਦਿਨ ਉਹ ਵੀ ਆਏਗਾ।

ਜਿਸ ਦਿਨ ਰਾਖੇ ਖੇਤਾਂ ਦੇ,
ਨਾ ਖੁਦਕੁਸ਼ੀਆਂ ਨੂੰ ਲੋਚਣਗੇ।
ਜਿਸ ਦਿਨ ਖ਼ਾਲੀ ਉਦਰਾਂ ਲਈ,
ਨਾ ਅੰਨ ਦੇ ਟੁਕੜੇ ਬੋਚਣਗੇ।
ਹੱਡ ਭੰਨ੍ਹਵੀਂ ਮਿਹਨਤ ਕਰਕੇ ਵੀ,
ਨਾ ਵਿਚ ਕੰਗਾਲੀ ਕੋਈ ਜੀਵੇਗਾ।
ਸਾਹਾਂ ਦੀ ਪੂੰਜੀ ਸਾਂਭਣ ਲਈ,
ਨਾ ਘੁੱਟ ਸਬਰ ਦੇ ਪੀਵੇਗਾ।
ਜਿਸ ਦਿਨ ਬੱਚਾ ਨਿਰਧਨ ਦਾ,
ਖ਼ੁਸ਼ੀਆਂ ਵਿੱਚ ਹੇਕਾਂ ਲਾਏਗਾ।
ਇੱਕ ਦਿਨ ਉਹ ਵੀ ਆਏਗਾ।
✪

## ਸੁਹਜ ਕਲਾਵਾਂ

ਧੀਆਂ ਨਹੀਂ ਬਲਾਵਾਂ ਹੁੰਦੀਆਂ।
ਇਹ ਤਾਂ ਸੁਹਜ ਕਲਾਵਾਂ ਹੁੰਦੀਆਂ।

ਪੜ੍ਹਕੇ ਦੇਖੋ ਇਨ੍ਹਾਂ ਤਾਈਂ,
ਇਹ ਦੈਵੀ ਰਚਨਾਵਾਂ ਹੁੰਦੀਆਂ।
ਧੀਆਂ ਨਹੀਂ.....

ਇਨ੍ਹਾਂ ਦੇ ਮਨ ਮੰਦਰ ਹੁੰਦੇ,
ਜਿੱਥੇ ਰੋਜ਼ ਦੁਆਵਾਂ ਹੁੰਦੀਆਂ।
ਧੀਆਂ ਨਹੀਂ.....

ਵੀਰਾਂ ਦੇ ਜਦ ਬੰਨ੍ਹਣ ਸਿਹਰੇ,
ਭਰੀਆਂ ਨਾਲ ਇਹ ਚਾਵਾਂ ਹੁੰਦੀਆਂ।
ਧੀਆਂ ਨਹੀਂ.....

ਸੰਗੀ ਸਾਥੀ ਛੱਡ ਜਾਂਦੇ ਨੇ,
ਖੜ੍ਹੀਆਂ ਨਾਲ ਭਰਾਵਾਂ ਹੁੰਦੀਆਂ।
ਧੀਆਂ ਨਹੀਂ.....

ਵੀਰ ਦੀ ਰੱਖੜੀ, ਬਾਬਲ ਵਿਹੜਾ,
ਇਨ੍ਹਾਂ ਲਈ ਪਨਾਹਾਂ ਹੁੰਦੀਆਂ।
ਧੀਆਂ ਨਹੀਂ.....

ਇਨ੍ਹਾਂ ਨਾਲ ਹੀ ਰਿਸ਼ਤੇ ਤੁਰਦੇ,
ਧੀਆਂ ਭੈਣਾਂ ਮਾਵਾਂ ਹੁੰਦੀਆਂ,
ਧੀਆਂ ਨਹੀਂ.....

ਨਕਸ਼ ਇਨ੍ਹਾਂ ਦੇ ਸ਼ੇਅਰ ਹੁੰਦੇ,
ਜਿੱਦਾਂ ਇਹ ਕਵਿਤਾਵਾਂ ਹੁੰਦੀਆਂ।
ਧੀਆਂ ਨਹੀਂ.....

ਸੱਸੀ, ਸੋਹਣੀ, ਸੀਰੀ ਵਾਂਗੂੰ,
ਸੱਚੀਆਂ ਇਹ ਵਫ਼ਾਵਾਂ ਹੁੰਦੀਆਂ।
ਧੀਆਂ ਨਹੀਂ.....

ਸਹੁਰਾ, ਪੇਕਾ, ਘਰ ਪਤੀ ਦਾ,
ਇਨ੍ਹਾਂ ਲਈ ਦਰਗਾਹਾਂ ਹੁੰਦੀਆਂ।
ਧੀਆਂ ਨਹੀਂ.....

ਘਰ ਪਤੀ ਦੇ ਪਰਤਣ ਵੇਲੇ,
ਤੱਕ ਰਹੀਆਂ ਇਹ ਰਾਹਾਂ ਹੁੰਦੀਆਂ।
ਧੀਆਂ ਨਹੀਂ.....

ਸਵਰਗ ਉਤਾਰਨ ਧਰਤੀ ਉੱਤੇ,
ਜਿੱਧਰ ਇਹ ਨਿਗਾਹਾਂ ਹੁੰਦੀਆਂ।
ਧੀਆਂ ਨਹੀਂ.....

ਪੁੱਤਰਾਂ ਵਾਂਗੂੰ ਪਾਲੇ ਜਿਹੜਾ,
ਉਸ ਦੀਆਂ ਦੂਰ ਬਲਾਵਾਂ ਹੁੰਦੀਆਂ।
ਧੀਆਂ ਨਹੀਂ.....

ਪੜ੍ਹ ਕੇ ਦੇਖੋ ਇਨ੍ਹਾਂ ਤਾਈਂ,
ਇਹ ਦੈਵੀ ਰਚਨਾਵਾਂ ਹੁੰਦੀਆਂ।
ਧੀਆਂ ਨਹੀਂ ਬਲਾਵਾਂ ਹੁੰਦੀਆਂ।
✪

## ਸਬਰ

ਕਦੀ ਆਖਦਾ ਏਂ ਸਬਰ ਕਰ ਲਿਆ ਕਰ,
ਸਬਰ ਇੱਕ ਬਹੁਤ ਵੱਡੀ ਚੀਜ਼ ਏ।

ਮੈਂ ਆਖਦੀ ਹਾਂ ਸਬਰ ਦੱਸ ਕੀਕਣ ਕਰਾਂ,
ਮੇਰੇ ਦੁੱਖਾਂ ਸ੍ਹਾਵੇਂ ਸਬਰ ਇੱਕ ਨਾ ਚੀਜ਼ ਏ।

ਕਦੀ ਆਖਦਾ ਏਂ ਸਬਰ ਕਰ ਲਿਆ ਕਰ,
ਸਬਰ 'ਚੋਂ ਵੀ ਸੁੱਖ ਮਿਲਦਾ ਏ।

ਸਬਰ ਦੱਸ ਕੀਕਣ ਕਰਾਂ,
ਸਬਰ 'ਚੋਂ ਵੀ ਹੁਣ ਦੁੱਖ ਮਿਲਦਾ ਏ।

ਕਦੀ ਆਖਦਾ ਏਂ ਸਬਰ ਕਰ ਲਿਆ ਕਰ,
ਸਬਰ ਸੌ ਦੁੱਖਾਂ ਦੀ ਇਕ ਦਾਰੂ ਏ।

ਮੈਂ ਆਖਦੀ ਹਾਂ, ਸਬਰ ਦੱਸ ਕੀਕਣ ਕਰਾਂ,
ਮੇਰਾ ਹਰ ਦੁੱਖ ਸਬਰ ਤੇ ਭਾਰੂ ਏ।

ਕਦੀ ਆਖਦਾ ਏਂ ਸਬਰ ਕਰ ਲਿਆ ਕਰ,
ਸਬਰ ਸੌ ਸੁੱਖ ਦਾ ਇਕ ਖਜ਼ਾਨਾ ਏ।

ਮੈਂ ਆਖਦੀ ਹਾਂ ਸਬਰ ਦੱਸ ਕੀਕਣ ਕਰਾਂ,
ਸਬਰ ਤਾਂ ਜੀਣ ਦਾ ਇਕ ਬਹਾਨਾ ਏ।

ਕਦੀ ਆਖਦਾ ਏਂ ਸਬਰ ਕਰ ਲਿਆ ਕਰ,
ਜ਼ਿੰਦਗੀ ਜੀ ਹੀ ਤਦ ਹੁੰਦੀ ਏ।

ਮੈਂ ਆਖਦੀ ਹਾਂ ਸਬਰ ਦੱਸ ਕੀਕਣ ਕਰਾਂ,
ਸਬਰ ਦੀ ਵੀ ਕੋਈ ਹੱਦ ਹੁੰਦੀ ਏ।
✪

## ਤੇਰਾ ਸ਼ਹਿਰ

ਬੜੀ ਤੇਰੇ ਸ਼ਹਿਰ ਦੀ, ਮੈਂ ਖਾਕ ਛਾਣੀ ਹੈ।
ਹਰ ਮੋੜ, ਹਰ ਗਲੀ, ਮੈਂ ਜਾਣੀ-ਪਹਿਚਾਣੀ ਹੈ।
ਵਫ਼ਾ ਵੀ ਕਿੰਞ ਬਣ ਸਕਦੀ ਹੈ ਜ਼ਫਾ।
ਇਹ ਰੀਤ ਮਹਿਜ਼ ਮੈਂ ਤੈਥੋਂ ਜਾਣੀ ਹੈ।

ਤੇਰੇ ਸ਼ਹਿਰ ਦੇ ਹਰ ਆਦਮ ਤੇ ਹਰ ਹਵਾ ਤੋਂ,
ਜੋ ਸਰ ਸਕਦੈ ਫ਼ਕਤ ਇੱਕ ਬਦਗੁਮਾਨੀ ਹੈ।
ਸਾਥ ਤਾਂ ਪਲ ਦੋ ਪਲ ਦਾ ਬਹੁਤ ਹੁੰਦਾ ਏ,
ਤੇਰੇ ਸੰਗ ਦੀ ਇਸ ਤੋਂ ਵੀ ਘੱਟ ਕਹਾਣੀ ਹੈ।

ਵਾਹਦਾ ਫ਼ਰਾਮੋਸ਼ ਹੋਣਾ ਤੇਰੀ ਫਿਤਰਤ ਸਹੀ,
ਪਰ ਮੇਰੇ ਲਈ ਤਾਂ ਇਹ ਵੀ ਮਿਹਰਬਾਨੀ ਹੈ।
ਤੇਰੇ ਸ਼ਹਿਰ ਦਾ ਹਰ ਮੋੜ ਇਹ ਆਖ ਮੋੜ ਦਿੰਦਾ ਏ,
ਕਿ ਹਰ ਮੋੜ ਨਾ ਉਹਦੇ ਘਰ ਦੀ ਨਿਸ਼ਾਨੀ ਹੈ।

ਮੈਨੂੰ ਮਿਲੇ ਜੋ ਗ਼ਮ, ਦਿਲ ਨੂੰ ਮਿਲੇ ਜੋ ਦਰਦ,
ਬਸ ਇਹੋ ਇਕ ਤੇਰੀ ਮਿਹਰਬਾਨੀ ਹੈ।
ਦਿਲ ਨੂੰ ਦਿੱਤੀ ਪੀੜ ਮੈਨੂੰ ਮਿਲੇ ਜੋ ਗ਼ਮ,
ਮੇਰੇ ਲਈ ਤਾਂ ਇਹ ਦੌਲਤ ਲਾਸਾਨੀ ਹੈ।
✪

## ਲੋਕ

ਰੱਬ ਆਸਰੇ ਰਹਿੰਦੇ ਲੋਕ,
ਫਿਰ ਵੀ ਮਾੜਾ ਕਹਿੰਦੇ ਲੋਕ।

ਚੁਗਲੀ ਨਿੰਦਿਆ ਵਿਸ਼ਾ ਛੇੜਦੇ,
ਪਰ੍ਹਿਆਂ ਵਿਚ ਜੋ ਬਹਿੰਦੇ ਲੋਕ।

ਦਲ-ਬਦਲੀ ਵਿਚ ਮਾਹਿਰ ਜਿਹੜਾ,
ਨੇਤਾ ਉਸ ਨੂੰ ਕਹਿੰਦੇ ਲੋਕ।

ਬੇਗਾਨੇ ਗਲ਼ ਘੱਤਣ ਬਾਹਾਂ,
ਹਮਸਾਇਆਂ ਤੋਂ ਤ੍ਰਹਿੰਦੇ ਲੋਕ।

ਜਾਤ-ਪਾਤ ਦੇ ਛੇੜਕੇ ਝਗੜੇ,
ਇਕ ਦੂਜੇ ਸੰਗ ਖਹਿੰਦੇ ਲੋਕ।

ਖੁਦੀ ਤਕੱਬਰ ਛੱਡਦੇ ਨਾਹੀਂ,
ਤਾਂ ਹੀ ਦੁੱਖੜੇ ਸਹਿੰਦੇ ਲੋਕ।

ਨੇਕੀ ਵਾਲਾ ਰਸਤਾ ਛੱਡਕੇ,
ਬਦੀਆਂ ਦੇ ਰਾਹ ਪੈਂਦੇ ਲੋਕ।
✪

## ਕੌੜਾ ਸੱਚ

ਚਲੀ ਆਵੀਂ ਜਦੋਂ ਦਿਲ ਚਾਹੇ,
ਵਰਤ ਕੇ ਪਰਤਾਈ ਹੋਈ ਵਸਤ ਵਾਂਗ ਅਪਨਾ ਲਵਾਂਗਾ ਮੈਂ।

ਕੀ ਹੋਇਆ ਜੇ ਦੁਨੀਆਂ ਦੀ ਚਕਾਚੌਂਧ ਨੇ,
ਕਰ ਦਿੱਤਾ ਏ ਮੇਰੇ ਤੋਂ ਦੂਰ,
ਪਰਤ ਆਉਣ ਤੇ ਆਪਣੀ ਬਣਾ ਲਵਾਂਗਾ ਮੈਂ। ਚਲੀ ਆਵੀਂ....

ਤੱਕ ਰਹੇ ਹੋਣਗੇ ਨੈਣ ਰਾਹ ਤੇਰੀ,
ਉਨੀਂਦਰੇ ਦੀ ਰੜਕ ਦੇ ਮਾਰੇ ਹੋਏ।
ਇਨ੍ਹਾਂ 'ਚ ਤੇਰੇ ਸੁਪਨੇ ਸਜਾ ਲਵਾਂਗਾ ਮੈਂ। ਚਲੀ ਆਵੀਂ....

ਕੰਨ ਦੇਣਗੇ ਬਿੜਕ ਤੇਰੀ,
ਲੰਘ ਜਾਏਂਗੀ ਬਰੂਹਾਂ ਕੋਲ ਦੀ ਜਦ, ਦੱਬੇ ਪੈਰੀਂ
ਆਵਾਜ਼ ਦੇ ਤੈਨੂੰ ਬੁਲਾ ਲਵਾਂਗਾ ਮੈਂ। ਚਲੀ ਆਵੀਂ....

ਇਹ ਇੱਕ ਕੌੜਾ ਸੱਚ ਏ, ਕਿ
ਪਿਆਰ ਕਦੀ ਪੁੱਗਿਆ ਨਹੀਂ,
ਪਰ ਜਿੰਦਾਂ ਵੀ ਪੁੱਗਿਆ ਪੁਗਾ ਲਵਾਂਗਾ ਮੈਂ। ਚਲੀ ਆਵੀਂ....

ਚਲੀ ਆਵੀਂ ਜਦੋਂ ਦਿਲ ਚਾਹੇ,
ਵਰਤ ਕੇ ਪਰਤਾਈ ਹੋਈ ਵਸਤ ਵਾਂਗ
ਅਪਨਾ ਲਵਾਂਗਾ ਮੈਂ।
✪

## ਕਿਰਦਾਰ

ਤੇਰੀ ਫ਼ਿਤਰਤ ਐਸੀ ਬੰਦਿਆ,
ਨਾ ਸਮਝੇਂ ਕੁਝ ਕਮਜ਼ੋਰਾਂ ਨੂੰ।

ਭੁੱਖਿਆਂ ਨੂੰ ਤੂੰ ਦਰ ਤੋਂ ਮੋੜੇਂ,
ਪੇੜੇ ਚਾਰੇਂ ਢੋਰਾਂ ਨੂੰ।

ਬੁੱਢਿਆਂ ਹੱਥ ਨਾ ਸੋਟੀ ਦੇਵੇਂ,
ਖੜ੍ਹ ਕੇ ਪਰਖੇਂ ਤੋਰਾਂ ਨੂੰ।

ਸੱਪਾਂ ਨੂੰ ਤੂੰ ਦੁੱਧ ਪਿਲਾਵੇਂ,
ਜਾਲ ਵਿਛਾਵੇਂ ਮੋਰਾਂ ਨੂੰ।

ਨੱਕੋ ਨੱਕ ਗੁਨਾਹੀਂ ਭਰਿਆ,
ਦੋਸ਼ੀ ਦੱਸੇ ਹੋਰਾਂ ਨੂੰ।

ਗੁੱਡੀ ਚੜ੍ਹ ਗਈ ਜਦ ਅਸਮਾਨੀ,
ਨਾਕਸ ਸਮਝੇਂ ਡੋਰਾਂ ਨੂੰ।

ਪਿਆਰ-ਵਿਆਰ ਦਾ ਅਰਥ ਨਾ ਜਾਣੇ,
ਨਿੰਦੇਂ ਚੰਨ ਚਕੋਰਾਂ ਨੂੰ।

ਪਾਪਾਂ ਦੀ ਪੰਡ ਚੁੱਕੀ ਫਿਰਦਾ,
ਪਾਪੀ ਸਮਝੇਂ ਹੋਰਾਂ ਨੂੰ।

ਜਿਉਂਦਿਆਂ ਦੀ ਤੂੰ ਸਾਰ ਨਾ ਲੈਂਦਾ,
ਪਿੱਛੋਂ ਪੂਜੇਂ ਗੋਰਾਂ ਨੂੰ।

ਪੈਰਾਂ ਥੱਲੇ ਫੁੱਲ ਮਸਲਕੇ,
ਗਲਵੱਕੜੀ ਪਾਵੇਂ ਥੋਰਾਂ ਨੂੰ।

ਨਾਲ ਬਜ਼ੁਰਗਾਂ ਕਰੇਂ ਬਖ਼ੀਲੀ,
ਪਿਆਰ ਜਿਤਾਵੇਂ ਛੋਰਾਂ ਨੂੰ।

ਵਿੱਚ ਖ਼ੁਦੀ ਦੇ ਸਭ ਨੂੰ ਆਖੇਂ,
ਇਹ ਦੁਨੀਆਂ ਮੰਨਦੀ ਜ਼ੋਰਾਂ ਨੂੰ।

ਬੁੱਧੀਜੀਵੀ ਭਾਉਂਣ ਨਾ ਤੈਨੂੰ,
ਤੂੰ ਨੇਤਾ ਮੰਨਦੈ ਚੋਰਾਂ ਨੂੰ।
✪

## ਹੁਣ ਮੈਂ ਸੰਤੁਸ਼ਟ ਹਾਂ

ਨਕਸ਼ ਤੇਰੇ ਮੈਂ ਜ਼ਿਹਨ ਵਿਚ ਉਤਾਰ ਲਏ ਨੇ,
ਕੁੱਝ ਰੰਗ ਮੇਰੇ ਆਪਣੇ,
ਕੁੱਝ ਰੰਗ ਮੈਂ ਉਧਾਰ ਲਏ ਨੇ।
ਦਿਲ ਕਰਦੈ ਮੈਂ ਨਕਸ਼ ਤੇਰੇ,
ਜ਼ਿਹਨ ਦੀ ਕੈਨਵਸ ਤੇ ਉਭਾਰ ਲਵਾਂ।
ਜਦੋਂ ਦਿਲ ਚਾਹੇ ਇਨ੍ਹਾਂ ਨੂੰ ਨਿਹਾਰ ਲਵਾਂ।
ਪਰ ਕਿਸੇ ਅਜਾਇਬਘਰ ਵਿਚੋਂ,
ਕਿਸੇ ਰਾਜੇ ਮਹਾਰਾਜੇ ਜਾਂ,
ਕਿਸੇ ਰਾਣੀ ਮਹਾਂਰਾਣੀ ਦੇ,
ਕੀਮਤੀ ਆਰ ਸ਼ਿੰਗਾਰ ਵਾਂਗ,
ਜਾਂ ਕਿਸੇ ਯੋਧੇ ਦੇ ਮੈਡਲ ਦੇ,
ਅਚਾਨਕ ਚੋਰੀ ਹੋ ਜਾਣ ਵਾਂਗ,
ਡਰ ਲਗਦੈ ਜ਼ਿਹਨ ਦੇ ਹੀ ਚੋਰੀ ਹੋ ਜਾਣ ਤੋਂ।

ਜਾਂ ਕਿਸੇ ਮੰਦਰ ਵਿਚ ਰੱਖੀ,
ਕੀਮਤੀ, ਨਿਰਜਿੰਦ, ਸੁੰਦਰ ਮੂਰਤੀ ਦੇ।
ਅਚਾਨਕ ਕਿਸੇ ਗੁਆਂਢੀ ਦੇਸ਼ ਵਿਚ,
ਸਮਰਾਲ ਹੋ ਜਾਣ ਵਾਂਗ,
ਡਰ ਲਗਦੈ ਜ਼ਿਹਨ ਦੇ ਹੀ ਸਮਰਾਲ ਹੋ ਜਾਣ ਤੋਂ।
ਜਾਂ ਕਿਸੇ ਨਿਰਧਨ ਦੀ ਨਾਬਾਲਗ ਲੜਕੀ ਦੇ,
ਕਿਸੇ ਵਹਿਸ਼ੀ ਦੀ ਵਹਿਸ਼ਤ ਦਾ,
ਸ਼ਿਕਾਰ ਹੋ ਜਾਣ ਵਾਂਗ,
ਡਰ ਲਗਦੈ ਜ਼ਿਹਨ ਦੇ ਸ਼ਿਕਾਰ ਹੋ ਜਾਣ ਤੋਂ।

ਜਾਂ ਕਿਸੇ ਸੁਆਰਥੀ ਪਾਰਟੀ ਵਰਕਰ ਦੁਆਰਾ,
ਕਿਸੇ ਦਲਬਦਲੂ ਨੇਤਾ ਨੂੰ
ਕੁਝ ਭੇਟਾ ਚੜ੍ਹਾਏ ਜਾਣ ਵਾਂਗ,
ਡਰ ਲਗਦੈ ਜ਼ਿਹਨ ਦੇ ਹੀ ਭੇਟਾ ਹੋ ਜਾਣ ਤੋਂ,
ਇਸ ਲਈ ਮੈਂ ਉਧਾਰੇ ਰੰਗ
ਮੋੜ ਦਿੱਤੇ ਨੇ,
ਅਤੇ ਆਪਣੇ ਰੰਗ ਕਿਧਰੇ
ਰੋੜ ਦਿੱਤੇ ਨੇ,
ਤੇ ਹੁਣ ਮੈਂ ਸੰਤੁਸ਼ਟ ਹਾਂ।
ਕਿਉਂ ਜੋ ਹੁਣ ਡਰ ਨਹੀਂ
ਜ਼ਿਹਨ ਦੇ ਚੋਰੀ ਹੋ ਜਾਣ ਦਾ,
ਨਾ ਡਰ ਹੈ ਸਮਰਾਲ ਹੋ ਜਾਣ ਦਾ,
ਜਾਂ ਸ਼ਿਕਾਰ ਹੋ ਜਾਣ ਦਾ,
ਨਾ ਡਰ ਹੈ ਦਿਲ ਦੇ,
ਭੇਟਾ ਚੜ੍ਹਾਏ ਜਾਣ ਦਾ,
ਇਸ ਲਈ,
ਹੁਣ ਮੈਂ ਸੰਤੁਸ਼ਟ ਹਾਂ।
✪

## ਵਿਚਾਰ ਦੀ ਗੱਲ

ਠੱਗੀ ਧੋਖਾ ਹੇਰਾ ਫੇਰੀ,
ਇਹ ਸਾਰੇ ਸੰਸਾਰ ਦੀ ਗੱਲ।
ਨਾ ਕੋ ਵੈਰੀ ਨਾ ਬੇਗਾਨਾ,
ਇਹ ਲਗਦੀ ਪਰਚਾਰ ਦੀ ਗੱਲ।
ਨਿੱਤ ਨਵਿਆਂ ਨਾਲ ਸੰਗ ਬਣਾਉਣਾ,
ਇਹ ਹੈ ਅੱਜ ਦੇ ਪਿਆਰ ਦੀ ਗੱਲ।
ਅਸਲੀ ਦੀ ਥਾਂ ਨਕਲੀ ਦੇਣੀ,
ਇਹ ਅੱਜ ਦੇ ਬਾਜ਼ਾਰ ਦੀ ਗੱਲ।
ਲੁੱਟਣਾ, ਖੋਹਣਾ ਤੇ ਖੁਸ਼ ਹੋਣਾ,
ਇਹ ਅੱਜ ਦੀ ਸਰਕਾਰ ਦੀ ਗੱਲ।
ਸੱਚ ਧਰਮ ਤੇ ਚਲਦਾ ਜਿਹੜਾ,
ਇਹ ਹੈ ਲਗਦੀ ਲਾਚਾਰ ਦੀ ਗੱਲ।
ਕੁੰਡੀ ਲਾਉਂਣਾ ਸਭ ਨੂੰ ਸਿੱਖੋ,
ਇਹ ਅੱਜ ਵਿਹਾਰ ਦੀ ਗੱਲ।
ਆਪਣੇ ਤੋਂ ਸਭ ਨੀਵੇਂ ਜਾਣੋ,
ਇਹ ਵੱਡੇ ਸਿਰਦਾਰ ਦੀ ਗੱਲੇ
ਫ਼ੈਸ਼ਨ-ਪ੍ਰਸਤੀ ਤੇ ਖ਼ਰਮਸਤੀ,
ਅੱਜ ਦੇ ਸੱਭਿਆਚਾਰ ਦੀ ਗੱਲ।

ਨਵੇਂ ਪੁਆੜੇ ਪਾਉਂਦੇ ਰਹਿਣਾ,
ਬਣ ਗਈ ਇਹ ਕਿਰਦਾਰ ਦੀ ਗੱਲ।
ਦਿਲਬਰ ਤਾਈਂ ਧੋਖਾ ਦੇਣਾ,
ਇਹ ਅੱਜ ਦੇ ਦਿਲਦਾਰ ਦੀ ਗੱਲ।
ਰਿਸ਼ਵਤ ਨਾਲ ਜੋ ਕੰਮ ਹੈ ਬਣਦਾ,
ਇਹ ਬਣਦੀ ਇਤਬਾਰ ਦੀ ਗੱਲ।
ਅੰਨ੍ਹੇ ਦੀ ਹੈ ਬਣੀ ਸੀਰਨੀ,
ਇਹ ਹੈ ਅੱਜ ਰੁਜ਼ਗਾਰ ਦੀ ਗੱਲ।
ਬਿਆਨ ਦਾਗਣੇ ਲਾਰੇ ਲੱਪੇ
ਇਹ ਅੱਜ ਦੀ ਸਰਕਾਰ ਦੀ ਗੱਲ।
ਰਿਸ਼ਵਤਖੋਰੀ ਅਤੇ ਘਪਲੇਬਾਜ਼ੀ,
ਇਹ ਅੱਜ ਦੇ ਹੁਸ਼ਿਆਰ ਦੀ ਗੱਲ
ਮਨੁੱਖਤਾ ਦੀ ਵਾਢੀ ਹੁੰਦੀ,
ਕਿੰਝ ਹੋਵੇ ਗੁਲਜ਼ਾਰ ਦੀ ਗੱਲ।
ਹਰ ਵੇਲੇ ਮੂੰਹ ਮਾਰੀ ਜਾਣਾ,
ਇਹ ਹੈ ਅੱਜ ਆਹਾਰ ਦੀ ਗੱਲ।
ਚੋਰ-ਬਾਜ਼ਾਰੀ ਹੇਰਾ ਫੇਰੀ,
ਇਹ ਹੈ ਅੱਜ ਬਾਜ਼ਾਰ ਦੀ ਗੱਲ।
ਕਾਹਦੇ ਲਈ ਇਹ ਸਭ ਤਰੱਦਦ,
ਇਹ ਹੈ ਅੱਜ ਵਿਚਾਰ ਦੀ ਗੱਲ।
✪

## ਪਸ਼ਚਾਤਾਪ

ਕੌਣ ਕਰਦੈ ਪਸ਼ਚਾਤਾਪ ਆਪਣੇ ਗੁਨਾਹਾਂ ਤੇ,
ਹਰ ਕੋਈ ਕਰਦੈ ਮਾਣ ਆਪਣੇ ਬਲ ਅਤੇ ਬਾਹਾਂ ਤੇ।
ਤਰਸ ਜਾਗਦੈ ਲੋਕਾਈ ਨੂੰ ਤਦ,
ਜਦ ਕੋਈ ਹੁੰਦੈ ਆਖਰੀ ਸਾਹਾਂ ਤੇ।
ਚੁਗ ਲੈਂਦੇ ਨੇ ਫੁੱਲ ਪੱਤੀਆਂ ਜਦ ਲੋਕ,
ਵਿਖੇਰ ਦਿੰਦੇ ਨੇ ਕੰਡੇ ਰਾਹਾਂ ਤੇ।
ਹਮਸਾਏ ਹੱਥੋਂ ਹਮਸਾਏ ਦਾ ਹੁੰਦਾ ਹੈ ਕਤਲ,
ਨਾ ਰਿਹਾ ਮਾਣ ਹੁਣ ਸਕਿਆਂ ਭਰਾਵਾਂ ਤੇ।
ਕੋਈ ਜਾਵੇ ਤਾਂ ਜਾਵੇ ਕਿੱਥੇ ਯਾਰੋ,
ਡਰ ਲਗਦੈ ਜਾਣ ਤੋਂ ਪਨਾਹਾਂ ਤੇ।
ਸਿਤਮਗਰ ਸਿਤਮ ਕਰ ਸਜ਼ਾ ਨਹੀਂ ਪਾਉਂਦੇ,
ਜ਼ੁਲਮ ਹੁੰਦੇ ਨੇ ਸਦਾ ਬੇਗੁਨਾਹਾਂ ਤੇ।
ਬੜੇ ਬੀਬੇ ਦਿਸਦੇ ਨੇ ਉਹ ਜ਼ਾਲਮ ਲੋਕ,
ਨਤਮਸਤਕ ਹੁੰਦੇ ਨੇ ਜਦੋਂ ਦਰਗਾਹਾਂ ਤੇ।
ਬੇੜੀ ਦਾ ਪੂਰ ਖੜਾ ਉਰਰਾਰ ਪਰ ਉਦਾਸ,
ਨਾ ਰਿਹਾ ਇਤਬਾਰ ਹੁਣ ਮਲਾਂਹਾਂ ਤੇ।
✪

## ਫ਼ਿਤਰਤ

ਆਸ਼ਕਾਂ ਦੀ ਫ਼ਿਤਰਤ ਨਹੀਂ ਮੁੜਨਾ ਅੱਧਵਾਟਿਉਂ,
ਉਹ ਤਾਂ ਸਦਾ ਸ਼ਾਹਸਵਾਰ ਹੁੰਦੇ ਨੇ।
ਤੂਫ਼ਾਨਾਂ ਦੇ ਥਮ ਜਾਣ ਦੀ ਜੋ ਉਡੀਕ ਨਹੀਂ ਕਰਦੇ,
ਉਹ ਹੀ ਭਵਸਾਗਰੋਂ ਪਾਰ ਹੁੰਦੇ ਨੇ।
ਬੇਵਫ਼ਾਈ ਬਣੀ ਹੈ ਜਿਨ੍ਹਾਂ ਦੀ ਫਿਤਰਤ,
ਉਨ੍ਹਾਂ ਦੇ ਕਦੋਂ ਇੰਤਜ਼ਾਰ ਹੁੰਦੇ ਨੇ।
ਖਿੜੇ ਫੁੱਲਾਂ ਦੇ ਵਾਂਗ ਰਹਿਣਾ ਸਿੱਖ ਤੂੰ ਵੀ,
ਜਿਨ੍ਹਾਂ ਦੇ ਗੁਆਂਢੀ ਖਾਰ ਹੁੰਦੇ ਨੇ।
ਬੇਖੌਫ਼ ਜੋ ਜ਼ਿੰਦਗੀ ਜੀਅ ਨਹੀਂ ਸਕਦੇ,
ਦਾਨਸ਼ਵਰਾਂ 'ਚ ਉਹ ਕਦੋਂ ਸ਼ੁਮਾਰ ਹੁੰਦੇ ਨੇ।
ਜੀਣਾ ਹੈ ਅਸਲ ਵਿਚ ਉਨ੍ਹਾਂ ਦਾ ਜੀਣਾ,
ਬੁਲੰਦ ਹੌਂਸਲੇ ਜਿਨ੍ਹਾਂ ਦੇ ਹਥਿਆਰ ਹੁੰਦੇ ਨੇ।
ਕਰਦੇ ਰਹੇ ਜੋ ਜ਼ੁਲਮ ਤੇ ਬੇਇਨਸਾਫ਼ੀਆਂ,
ਗਲ ਉਨ੍ਹਾਂ ਦੇ ਸ਼ਰਮਿੰਦਗੀ ਦੇ ਹਾਰ ਹੁੰਦੇ ਨੇ।
ਜ਼ਿੰਦਗੀ ਤੋਂ ਹਾਰ ਕੇ ਜੋ ਕਰ ਲੈਂਦੇ ਖੁਦਕੁਸ਼ੀ,
ਉਨ੍ਹਾਂ ਦੀ ਰੂਹ ਅਤੇ ਮਨ ਬਿਮਾਰ ਹੁੰਦੇ ਨੇ।
ਗੁਰਬਤ ਵਿਚ ਵੀ ਜੋ ਰੱਖਦੇ ਸਿਰ ਬੁਲੰਦ ਆਪਣਾ,
ਉਹ ਨਾ ਜ਼ਿੰਦਗੀ ਤੋਂ ਕਦੇ ਬੇਜ਼ਾਰ ਹੁੰਦੇ ਨੇ।
ਪਾ-ਕੀਜ਼ਗੀ ਦਾ ਦਾਮਨ ਜੋ ਛੱਡਦੇ ਨਹੀਂ,
ਪਰ੍ਹਿਆਂ ਦੇ ਉਹ ਸਰਦਾਰ ਹੁੰਦੇ ਨੇ।
ਤੋੜ ਨਹੀਂ ਸਕਦੇ ਗੁਲਾਮੀ ਦੀਆਂ ਜੰਜ਼ੀਰਾਂ ਜੋ,
ਕਦੋਂ ਉਨ੍ਹਾਂ ਦੇ ਆਪਣੇ ਇਖ਼ਤਿਆਰ ਹੁੰਦੇ ਨੇ।
✪

## ਯਾਦ

ਅੱਜ ਤੂੰ ਫਿਰ ਨਹੀਂ ਆਈ,
ਪਰ ਤੇਰੀ ਯਾਦ ਆਈ, ਲੈ ਕੇ ਰੁਸਵਾਈ।
ਆਈ ਹਾਂ, ਆਉਂਦੀ ਰਹੀ ਹਾਂ,
ਤੇ ਆਉਂਦੀ ਰਹਾਂਗੀ ਮੈਂ,
ਇੰਝ ਉਹ ਫੁਰਮਾਈ, ਅੱਜ ਤੂੰ ਫਿਰ ਨਹੀਂ ਆਈ। ਪਰ ਤੇਰੀ....
ਉਹ ਲੱਖ ਭਾਵੇਂ ਵਾਹਦਾ ਫਰਾਮੋਸ਼ ਬਣੇ।
ਮਜ਼ਬੂਰੀ ਦਾ ਪਾਵੇ ਵਾਸਤਾ,
ਮੈਥੋਂ ਨਹੀਂ ਸਦਾ ਹੁੰਦਾ ਹਰਜ਼ਾਈ, ਅੱਜ ਤੂੰ ਫਿਰ ਨਹੀਂ ਆਈ।
ਮਿਹਣਾ ਹੈ ਮੁਰਗ਼ਾਬੀ ਲਈ ਡੁੱਬਣਾ,
ਮਰਦ ਲਈ ਨਾ ਮਰਦ ਅਖਵਾਣ ਦਾ,
ਕਿੰਝ ਛੱਡ ਸਕਦੀ ਹਾਂ, ਤੇਰੀ ਆਸ਼ਨਾਈ,
ਅੱਜ ਤੂੰ ਫਿਰ ਨਹੀਂ ਆਈ, ਪਰ ਤੇਰੀ ਯਾਦ ਆਈ।
ਦਿਲਾਂ ਨੂੰ ਦਿਲਾਂ ਨਾਲ ਹੁੰਦੇ ਨੇ ਰਾਹ,
ਮੈਨੂੰ ਹੈ ਮੇਰੀ ਮੰਜ਼ਿਲ ਦਾ ਪਤਾ,
ਕਿਉਂ ਮੰਗਾਂ ਮੈਂ ਕਿਸੇ ਤੋਂ ਰਾਹਨੁਮਾਈ,
ਅੱਜ ਤੂੰ ਫਿਰ ਨਹੀਂ ਆਈ,
ਪਰ ਤੇਰੀ ਯਾਦ ਆਈ, ਲੈ ਕੇ ਰੁਸਵਾਈ।
✪

## ਨਸੀਹਤ

ਵਗਦੇ ਪਾਣੀ ਨਿਰਮਲ ਰਹਿੰਦੇ।
ਸੁਕਰਮ ਹੀ ਸਾਡੇ ਦਿੰਦੇ ਫਲ।

ਟੇਕ ਰੱਬ ਦੀ ਮਿਹਨਤ ਸਾਡੀ,
ਸੋਨੇ ਉੱਤੇ ਸੁਹਾਗੇ ਵਾਲੀ ਗੱਲ।

ਢਲਦੇ ਸੂਰਜ ਵਾਂਗੂੰ ਬੰਦਿਆ,
ਇਕ ਦਿਨ ਜਾਣਾ ਤੂੰ ਵੀ ਢਲ।

ਜੋ ਅੱਜ ਕਰਨਾ ਹੁਣ ਹੀ ਕਰ,
ਖ਼ਬਰੇ ਆਉਣਾ ਕੈਸਾ ਕੱਲ੍ਹ।

ਸੋਚਾਂ ਵਿਚ ਹੀ ਵਕਤ ਲੰਘਾਉਣਾ,
ਔਕੜ ਦਾ ਨਹੀਂ ਹੁੰਦਾ ਹੱਲ।

ਪਾਣੀ ਉੱਤੇ ਲੀਕ ਨਾ ਰਹਿੰਦੀ,
ਭਾਵੇਂ ਹੋਵੇ ਡੂੰਘਾ ਜਲ।

ਮਿਹਨਤ ਹੀ ਹੈ ਰੰਗ ਲਿਆਉਂਦੀ,
ਮਿਹਨਤ ਨੂੰ ਹੀ ਲਗਦਾ ਫ਼ਲ।

ਨਾ ਚੰਗੀ ਹੁੰਦੀ ਨੁਕਤਾਚੀਨੀ,
ਕਦੇ ਨਾ ਲਾਹੀਏ ਵਾਲ ਦੀ ਖੱਲ।

✪

## ਰੱਬ ਨੂੰ ਸਜ਼ਾ

ਰੱਬਾ ਤੂੰ ਵੀ ਜੱਗ ਤੇ ਆ,
ਠੱਗਾਂ ਲਏ ਨੇ ਡੇਰੇ ਲਾ।
ਨਾ ਕਿਸੇ ਤੇ ਰਿਹਾ ਵਸਾਹ।
ਜੇ ਆਵੇਂ ਤਾਂ ਦਿਆਂ ਦਿਖਾ,
ਰੱਬਾ ਤੂੰ ਵੀ ਜੱਗ ਤੇ ਆ।

ਤੇਰੀ ਵੀ ਇਕ ਕੁੱਲੀ ਹੋਵੇ,
ਜ਼ੁਲਮ ਹਨ੍ਹੇਰੀ ਝੁੱਲੀ ਹੋਵੇ,
ਨਾ ਗੁੱਲੀ ਨਾ ਜੁੱਲੀ ਹੋਵੇ,
ਸੁਰਤ ਤੇਰੀ ਜਦ ਭੁੱਲੀ ਹੋਵੇ,
ਕੋਈ ਨਾ ਮਾਰੇ ਹਾਅ।
ਰੱਬਾ ਤੂੰ ਵੀ ਜੱਗ ਤੇ ਆ।

ਬਗਲੀ ਪਾ ਕੇ ਫਿਰਦਾ ਹੋਵੇਂ,
ਵਿਚ ਦਿਲਗੀਰੀ ਘਿਰਦਾ ਹੋਵੇਂ,
ਭੁੱਖਾ-ਭਾਣਾ ਚਿਰਦਾ ਹੋਵੇਂ,
ਆਪਣੀ ਨਜ਼ਰੀਂ ਗਿਰਦਾ ਹੋਵੇਂ
ਹਰ ਕੋਈ ਆਖੇ ਦਫ਼ਾ ਹੋਜਾ।
ਰੱਬਾ ਤੂੰ ਵੀ ਜੱਗ ਤੇ ਆ।

ਬੱਚੇ ਤੈਥੋਂ ਖਰਚਾ ਮੰਗਣ,
ਤੇਰੀ ਜਾਨ ਸੂਲੀ ਤੇ ਟੰਗਣ,
ਲੋਕ ਤੇਰੇ ਤੋਂ ਪਰ੍ਹੇ ਹੋ ਲੰਘਣ,
ਆਪਣੇ ਆਪਣਾ ਕਹਿਣ ਤੋਂ ਸੰਗਣ
ਤੇਰੇ ਭੈਣ ਭਰਾ।
ਰੱਬਾ ਤੂੰ ਵੀ ਜੱਗ ਤੇ ਆ।

ਧੀ ਨੂੰ ਤੂੰ ਵਿਆਹੁਣਾ ਹੋਵੇ,
ਉਹਦਾ ਦਾਜ ਬਣਾਉਣਾ ਹੋਵੇ,
ਦੁੱਭਰ ਤੇਰਾ ਜਿਉਂਣਾ ਹੋਵੇ,
ਕਰਜ਼ਾ ਮੰਗ ਲਿਆਉਣਾ ਹੋਵੇ,
ਮੂੰਹ ਨਾ ਲਾਵੇ ਤੈਨੂੰ ਸ਼ਾਹ।
ਰੱਬਾ ਤੂੰ ਵੀ ਜੱਗ ਤੇ ਆ।

ਬੱਚੇ ਤੇਰੇ ਪੜ੍ਹ ਲਿਖ ਜਾਵਣ,
ਦਫ਼ਤਰ ਦਫ਼ਤਰ ਧੱਕੇ ਖਾਵਣ,
ਖਾਲੀ ਹੱਥ ਉਹ ਘਰ ਮੁੜ ਆਵਣ,
ਫ਼ਿਕਰ ਉਨ੍ਹਾਂ ਦੇ ਵੱਢ-ਵੱਢ ਖਾਵਣ,
ਕਿਸਮਤ ਤੇ ਤੂੰ ਕਰੇਂ ਗਿਲਾ।
ਰੱਬਾ ਤੂੰ ਵੀ ਜੱਗ ਤੇ ਆ।

ਕੱਚਾ ਤੇਰਾ ਢਾਰਾ ਹੋਵੇ,
ਮੀਂਹ ਵਿਚ ਚੋਂਦਾ ਸਾਰਾ ਹੋਵੇ,
ਚਲਦਾ ਨਾ ਕੋਈ ਚਾਰਾ ਹੋਵੇ,
ਨਾ ਮਿਲਦਾ ਕੋਈ ਸਹਾਰਾ ਹੋਵੇ,
ਬੈਠੇਂ ਢੇਰੀ ਢਾਅ।
ਰੱਬਾ ਤੂੰ ਵੀ ਜੱਗ ਤੇ ਆ।

ਖੇਤੀ ਤੇਰੀ ਸੜ ਸੁੱਕ ਜਾਵੇ,
ਦਾਣਾ-ਫੱਕਾ ਘਰ ਨਾ ਆਵੇ,
ਨਾ ਕੋਈ ਤੇਰਾ ਧੀਰ ਬੰਧਾਵੇ,
ਫ਼ਿਕਰ ਕਰਜ਼ ਦਾ ਵੱਢ-ਵੱਢ ਖਾਵੇ,
ਦੁਨੀਆਂ ਤੈਨੂੰ ਲੱਗੇ ਬਲਾ।
ਰੱਬਾ ਤੂੰ ਵੀ ਜੱਗ ਤੇ ਆ।

ਬੁੱਢੀ ਮਾਂ ਦੇ ਇਲਾਜ਼ ਦੀ ਖ਼ਾਤਰ,
ਪੈਸੇ ਵੱਲੋਂ ਤੂੰ ਹੋਵੇ ਆਤੁਰ,
ਵੇਤਨ ਮੰਗਣ ਨੌਕਰ ਚਾਕਰ,
ਕੋਈ ਨਾ ਹੋਵੇ ਤੇਰਾ ਪਾਤਰ,
ਘੁੱਟਦਾ ਜਾਪੇ ਤੇਰਾ ਸਾਹ,
ਰੱਬਾ ਤੂੰ ਵੀ ਜੱਗ ਤੇ ਆ।

ਜੱਗ ਦੀਆਂ ਖ਼ੁਸ਼ੀਆਂ ਤੂੰ ਵੀ ਲੋਚੇਂ,
ਮੱਥਾ ਫੜ ਕੇ ਤੂੰ ਵੀ ਸੋਚੇਂ,
ਬੇਹੇ ਟੁੱਕਰ ਹੱਸ ਕੇ ਬੋਚੇਂ,
ਰਹਿਣ ਅਧੂਰੇ ਚਾਅ।
ਰੱਬਾ ਤੂੰ ਵੀ ਜੱਗ ਤੇ ਆ।

ਤੇਰੀ ਕਿਧਰੇ ਪੁੱਛ ਨਾ ਹੋਵੇ,
ਪੱਲੇ ਤੇਰੇ ਕੁਛ ਨਾ ਹੋਵੇ,
ਹਰ ਚੀਜ਼ ਦੀ ਤੁੱਛ ਹੀ ਹੋਵੇ,
ਕੋਈ ਨਾ ਤੇਰਾ ਕਰੇ ਵਸਾਹ
ਰੱਬਾ ਤੂੰ ਵੀ ਜੱਗ ਤੇ ਆ।

ਧੀਆਂ ਪੁੱਤਰ ਤੈਨੂੰ ਕੋਸਣ,
ਹਰ ਥਾਂ ਹੋਵੇ ਤੇਰਾ ਸ਼ੋਸ਼ਣ,
ਯਾਰ ਵੀ ਤੇਰਾ ਮੰਦਾ ਸੋਚਣ,
ਨਾਲ ਤਾਹਨਿਆਂ ਜਿੰਦ ਉਹ ਨੋਚਣ,
ਆਖੇਂ ਮੈਨੂੰ ਲਓ ਛੁਡਾ।
ਰੱਬਾ ਤੂੰ ਵੀ ਜੱਗ ਤੇ ਆ।

ਗੁਰਬਤ ਵਿਚ ਜਵਾਨੀ ਬੀਤੇ,
ਰਾਸ ਨਾ ਆਵਣ ਕੰਮ ਜੋ ਕੀਤੇ,
ਘੁੱਟ ਸਬਰ ਦੇ ਜਾਣ ਨਾ ਪੀਤੇ,
ਹਰ ਦਿਨ ਵਿਚ ਫ਼ਿਕਰ ਦੇ ਬੀਤੇ,
ਹੋਣ ਨਾ ਪੂਰੇ ਤੇਰੇ ਚਾਅ।
ਰੱਬਾ ਤੂੰ ਵੀ ਜੱਗ ਤੇ ਆ।

ਜਾਤੀ ਦੰਗਿਆਂ ਵਿਚ ਫਸ ਜਾਏਂ,
ਕੋਈ ਅੰਗ ਤੁੜਾ ਕੇ ਘਰ ਨੂੰ ਆਏਂ
ਹੋ ਸਕਦਾ ਹੈ ਜਾਨ ਗੁਆਏਂ,
ਅਪਣੀ ਕਰਨੀ ਤੇ ਪਛਤਾਏਂ,
ਆਖੇਂ! ਦੁਨੀਆਂ ਪੈ ਗਈ ਕਿਹੜੇ ਰਾਹ।
ਰੱਬਾ ਤੂੰ ਵੀ ਜੱਗ ਤੇ ਆ।

ਫੁੱਟਪਾਥ ਤੇ ਸੌਂਦਾ ਹੋਵੇਂ,
ਗਿਣ ਤਾਰੇ ਰਾਤ ਲੰਘਾਉਂਦਾ ਹੋਵੇਂ,
ਕਿਸੇ ਅੱਗੇ ਵਾਸਤੇ ਪਾਉਂਦਾ ਹੋਵੇਂ,
ਗ਼ਮ ਪੀਕੇ ਮਨ ਸਮਝਾਉਂਦਾ ਹੋਵੇਂ
ਜਾਵੇ, ਸੁਰਤ ਟਿਕਾਣੇ ਆ।
ਰੱਬਾ ਤੂੰ ਵੀ ਜੱਗ ਤੇ ਆ।

ਝੂਠੇ ਕਤਲ ਕੇਸ ਵਿਚ ਫਸ ਜਾਏਂ,
ਉਮਰ ਕੈਦ ਦੀ ਸਜ਼ਾ ਤੂੰ ਪਾਏਂ,
ਮਰਨ ਕਿਨਾਰੇ ਜਦ ਘਰ ਨੂੰ ਆਏਂ,
ਨਾ ਕੋਈ ਮਨਾਵੇ ਚਾਅ,
ਰੱਬਾ ਤੂੰ ਵੀ ਜੱਗ ਤੇ ਆ।

ਤੈਥੋਂ ਵੀ ਕੋਈ ਉੱਚਾ ਹੋਵੇ,
ਉਸ ਕਚਹਿਰੀ ਜਾ ਖਲੋਵੇ,
ਜ਼ੁਲਮ ਤੇਰੇ ਦੇ ਦੁਖੜੇ ਹੋਵੇ,
ਆਖੇ, ਏਸ ਰੱਬ ਨੂੰ ਦਿਓ ਸਜਾ,
ਰੱਬਾ ਤੂੰ ਵੀ ਜੱਗ ਤੇ ਆ।
✪

## ਰਿਸ਼ਤੇ

ਰਿਸ਼ਤਿਆਂ ਤੇ ਮਾਣ ਨਾ ਕਰੀਂ ਮੇਰੇ ਦੋਸਤਾ,
ਲੋੜ ਸਮੇਂ ਸਭ ਹੁੰਦੇ, ਬੇਕਾਰ ਮੇਰੇ ਦੋਸਤਾ।

ਮਿਲਣਗੇ ਖਿੜੇ ਮੱਥੇ, ਦਿਖਾਉਣਗੇ ਬੜੀ ਗਰਮ ਜੋਸ਼ੀ,
ਲੋੜ ਸਮੇਂ ਇਹ ਸਭ ਹੁੰਦੇ, ਠੰਡੇ-ਠਾਰ ਮੇਰੇ ਦੋਸਤਾ।

ਤੁਰਿਆ ਚੱਲ, ਅਸੀਂ ਹਾਂ ਤੇਰੀ ਪਿੱਠ ਤੇ,
ਪਰਤ ਕੇ ਵੇਖੀਂ, ਇਹ ਫ਼ਰਾਰ ਹੁੰਦੇ ਦੋਸਤਾ।

ਤੇਰੀ ਬੇਵਸੀ ਤੇ, ਕਰਨਗੇ ਪ੍ਰਗਟ ਆਪਣੀ ਬੇਵਸੀ,
ਉਂਜ ਇਹ ਯਾਰਾਂ ਦੇ, ਯਾਰ ਹੁੰਦੇ ਦੋਸਤਾ।

ਖਿੜੇ ਦਿਸਣਗੇ, ਫੁੱਲ ਵਾਂਗ ਤੈਨੂੰ ਅੰਗ-ਸੰਗ,
ਅੰਦਰੋਂ ਇਹ ਹੁੰਦੇ ਨੇ ਖਾਰ ਮੇਰੇ ਦੋਸਤਾ।

ਖੋਲੇਂਗਾ ਜਦੋਂ ਖ਼ੁਸ਼ੀਆਂ ਦੀ ਪੋਟਲੀ ਇਨ੍ਹਾਂ ਲਈ,
ਫਿਰ ਵੇਖੀਂ, ਇਹ ਕਿਵੇਂ ਹੁੰਦੇ, ਪੱਬਾਂ-ਭਾਰ ਮੇਰੇ ਦੋਸਤਾ।

ਨਿਭੇਗੀ ਤੇਰੇ ਨਾਲ ਯਾਰੀ, ਜਦੋਂ ਤੱਕ ਤੇਰੀ ਜੇਬ ਭਾਰੀ,
ਨਫ਼ੇ ਲਈ ਰਹਿੰਦੇ ਨੇ ਸਦਾ, ਬੇਕਰਾਰ ਮੇਰੇ ਦੋਸਤਾ।

ਕੀ, ਕਿੰਨਾ, ਕਦੋਂ ਮਿਲੇਗਾ ਕਿਸੇ ਕੋਲੋਂ।
ਇਹ ਜਾਣਨ ਲਈ, ਰਹਿੰਦੇ ਤਿਆਰ ਮੇਰੇ ਦੋਸਤਾ।

ਡੁੱਬਦਾ ਹੋਵੇਂਗਾ, ਜੇਕਰ ਉਰਾਰ ਤੂੰ,
ਖੜ੍ਹੇ ਹੋਣਗੇ, ਇਹ ਅਗਲੇ ਪਾਰ ਮੇਰੇ ਦੋਸਤਾ।

ਫਲਾਂ-ਫੁੱਲਾਂ ਦੀ ਨਾ ਆਸ ਰੱਖੀਂ ਇਨ੍ਹਾਂ ਕੋਲੋਂ,
ਬਿਨ ਪੱਤਿਉਂ ਇਹ ਹੁੰਦੇ ਨੇ, ਬਹਾਰ ਮੇਰੇ ਦੋਸਤਾ।

ਪੀਡੀ ਜਾਪੇਗੀ ਰਿਸ਼ਤਿਆਂ ਦੀ ਗੰਢ ਤੈਨੂੰ,
ਲੋੜ ਸਮੇਂ, ਇਹ ਹੋਵੇਗੀ ਤਾਰੋ-ਤਾਰ ਮੇਰੇ ਦੋਸਤਾ।
✪

## ਭੁੱਲ

ਕੀ ਤੱਕਨੀਂ ਏਂ ਭਰ-ਭਰ ਅੱਖੀਆਂ,
ਸਾਂਭ-ਸਾਂਭ ਕੇ ਜੋ ਤੂੰ ਰੱਖੀਆਂ,
ਜਾਦੂ ਹੋਇਆ ਜਿਸ ਨੇ ਤੱਕੀਆਂ,
ਮੈਂ ਵੀ ਕੋਈ ਸੁਖਾਲਾ ਨਈਂ।

ਐਸਾ ਪਿਆਰ ਵਸੇ ਮਨ ਤੇਰੇ,
ਦੂਰ ਹੋਣ ਇਹ ਹਿਜ਼ਰ ਹਨੇਰੇ,
ਵਸਲਾ ਦੇ ਜੋ ਚੜ੍ਹਨ ਸਵੇਰੇ,
ਭੜਕੀ ਉਹ ਜਵਾਲਾ ਨਈਂ।

ਵਿਚ ਉਦਾਸੀ ਪੀ ਲੈਂਦਾ ਹਾਂ,
ਵਿਚ ਮਸਤੀ ਦੇ ਭੁੱਲ ਕੇ ਤੈਨੂੰ,
ਮੈਂ ਵੀ ਦੋ ਪਲ ਜੀ ਲੈਂਦਾ ਹਾਂ,
ਪਰ ਕੋਈ ਪਿਲਾਵਣ ਵਾਲਾ ਨਈਂ।

ਦਿਲ ਕਹਿੰਦਾ ਏ ਪੀ ਲੈ ਚੰਨਾ,
ਵਿਚ ਮਸਤੀ ਦੇ ਭੁੱਲ ਕੇ ਉਹਨੂੰ,
ਭਾਵੇਂ ਦੋ ਪਲ ਜੀ ਲੈ ਚੰਨਾ।
ਪਰ ਮੈਂ ਤੇ ਭੁੱਲਣ ਵਾਲਾ ਨਈਂ।

ਸਿੱਕਿਆਂ ਦੀ ਟੁਣਕਾਰ ਮਾਪਦੀ,
ਰਸਮਾਂ ਦੀ ਗੁੰਜਾਰ ਮਾਪਦੀ,
ਪਿਆਰ ਡੂੰਘ ਨੂੰ ਮਾਪਣ ਵਾਲਾ,
ਇਸ ਦੁਨੀਆਂ ਤੇ ਆਲਾ ਨਈਂ।

ਹਿਜ਼ਰਾਂ ਦੀ ਅੱਜ ਰਾਤ ਪੈ ਗਈ,
ਪਿਆਰ ਦੀ ਬਣ ਕੇ ਬਾਤ ਰਹਿ ਗਈ,
ਭਰ ਚੁੱਕਾ ਨਾਸੂਰ ਹਿਜ਼ਰ ਦਾ,
ਇਹ ਤਾਂ ਫਿੱਸਣ ਵਾਲਾ ਨਈਂ।

ਆਖ਼ਿਰ ਭੁੱਲ ਮੈਥੋਂ ਹੀ ਹੋਈ,
ਕੀਤੀ ਨਾਲ ਤੇਰੇ ਦਿਲ ਜੋਈ,
ਫਿਰ ਵੀ ਸ਼ਾਦੀ ਦੇ ਸਕਦਾ ਹਾਂ,
ਮੇਰਾ ਦਿਲ ਤਾਂ ਕਾਲ਼ਾ ਨਈਂ।
✪

## ਸਾਵਣ ਝੜੀਆਂ

ਲੰਘ ਚੱਲੀਆਂ ਨੇ ਸਾਵਣ ਝੜੀਆਂ,
ਹੁਣ ਫ਼ਸਲਾਂ ਰੰਗ ਵਟਾਇਆ ਵੇ।

ਬੱਦਲ ਲੈ ਸੁਨੇਹੇ ਮੁੜ ਗਏ,
ਪਰ ਤੂੰ ਪਰਤ ਨਾ ਆਇਆ ਵੇ।

ਨਾ ਬਾਗੀਂ ਅੱਜ ਬੁਲਬੁਲ ਬੋਲੇ,
ਨਾ ਕੋਇਲ ਹੀ ਕੂਕੇ ਵੇ।

ਚੰਦਰੀ ਰਾਤ ਹਿਜ਼ਰ ਦੀ ਮਾਹੀ,
ਪਈ ਵਾਂਗ ਨਾਗ ਦੇ ਸ਼ੂਕੇ ਵੇ।

ਨਦੀਆਂ ਦੇ ਹੜ੍ਹ ਸਾਂਤ ਹੋ ਗਏ,
ਹੁਣ ਪਾਲ਼ਾ ਭਰੇ ਕਲਾਵੇ ਵੇ।

ਸਬਰ ਮੇਰੇ ਦਾ ਕੜ ਹੈ ਟੁੱਟਾ,
ਸਹਿਣ ਨਾ ਹੋਣ ਛਲਾਵੇ ਵੇ।

ਕੀ ਆਖਾਂ ਤੇ ਕਿਸ ਨੂੰ ਆਖਾਂ,
ਦਿਲ ਦੇ ਰੋਗ ਅਵੱਲੇ ਵੇ।

ਪਿਆਰ ਦੀ ਹਾਮੀ ਭਰਦੇ ਮਾਹੀ,
ਹੰਝੂ ਵੀ ਸੁੱਕ ਚੱਲੇ ਵੇ।

ਪੁਲਾਂ ਹੇਠ ਜੋ ਪਾਣੀ ਲੰਘੇ,
ਫੇਰ ਨਾ ਆਉਣਾ ਭਲਕੇ ਵੇ।

ਜੀਣਾ ਏ ਫਿਰ ਕਾਹਦਾ ਮਾਹੀ,
ਬੈਠੇ ਨਾ ਜਦ ਰਲ਼ਕੇ ਵੇ।

ਵਿਰਸੇ ਵਿਚ ਸਾਨੂੰ ਬਿਰਹੋਂ ਦਿੱਤਾ,
ਪੱਲੇ ਪਾਇਆ ਰੋਣਾ ਵੇ।

ਸਾਵਣ ਝੜੀਆਂ ਫੇਰ ਵੀ ਆਉਣਾ,
ਪਰ ਜੋਬਨ ਇਹ ਨੀਂ ਹੋਣਾ ਵੇ।
✪

## ਅੰਤਿਮ ਇੱਛਾ

ਨਾ ਮੈਂ ਕੋਈ ਨੇਤਾ ਬਣ ਕੇ,
ਮਗਰ ਕਿਸੇ ਨੂੰ ਲਾ ਹੀ ਸਕਿਆ।

ਨਾ ਸ਼ਰਧਾਲੂ ਬਣ ਕਿਸੇ ਦਾ,
ਮਗਰ ਕਿਸੇ ਦੇ ਜਾ ਹੀ ਸਕਿਆ।

ਨਾ ਕੋਈ ਭਗਤ ਸਦਾਇਉ ਮੈਨੂੰ,
ਉਸਤਤ ਰੱਬ ਦੀ ਗਾ ਨਾ ਸਕਿਆ।

ਨਾ ਹਮਦਰਦ ਕਿਸੇ ਦਾ ਬਣ ਕੇ, ਮੈਂ
ਦੁੱਖ-ਦਰਦ ਕਦੀ ਵੰਡਾ ਹੀ ਸਕਿਆ।

ਨਾ ਮੈਂ ਹਰਮਨ ਪਿਆਰਾ ਬਣਿਆ,
ਮੈਂ ਦੁਨੀਆਂ ਨੂੰ ਭਾਅ ਨਾ ਸਕਿਆ।

ਨਾ ਲੋਕਾਂ ਦਾ ਰਹਿਬਰ ਬਣਕੇ,
ਮੰਜ਼ਲ ਤੱਕ ਪਹੁੰਚਾ ਹੀ ਸਕਿਆ।

ਨਾ ਮੈਂ ਗੁਣੀ ਗਿਆਨੀ ਬਣਕੇ,
ਗਿਆਨ ਦੀ ਜੋਤ ਜਗਾ ਹੀ ਸਕਿਆ।

ਦੁਨੀਆਂ ਗੁੰਝਲਦਾਰ ਬੁਝਾਰਤ,
ਭੇਦ ਮੈਂ ਇਹਦਾ ਪਾ ਨਾ ਸਕਿਆ।

ਮੈਂ ਤੁਰ ਜਾਣਾ ਉੱਥੇ ਯਾਰੋ,
ਜਿੱਥੋਂ ਮੁੜ ਕੋਈ ਆ ਨਾ ਸਕਿਆ।

ਰੂਹ ਨੇ ਜਿਸ ਦਿਨ ਪਿੰਜਰ ਛੱਡਿਆ,
ਨੈਣੋਂ ਨੀਰ ਨਾ ਤੁਸੀਂ ਵਹਾਉਣਾ।

ਸਾਦਾ ਰਸਮਾਂ ਤੁਸੀਂ ਨਿਭਾਇਉ,
ਨਾ ਕੋਈ ਸ਼ਿਸ਼ਟਾਚਾਰ ਦਿਖਾਉਣਾ।

ਨਾ ਅਰਥੀ ਨੂੰ ਤੁਸੀਂ ਸਜਾਇਉ,
ਨਾ ਸਿੱਕੇ, ਨਾ ਫੁੱਲ ਵਰਸਾਉਣਾ।

ਲੋਈਆਂ, ਕੰਬਲ ਲੋੜਵੰਦਾਂ ਨੂੰ ਦੇਣਾ,
ਨਾ ਇਹ ਅੱਗ ਦੀ ਭੇਟ ਝੜਾਉਣਾ।

ਦੇਹ ਹੈ ਮੇਰੀ ਤੁੱਛ ਅਮਾਨਤ,
ਅੰਗ ਅੰਗ ਇਹਦਾ ਲੇਖੇ ਲਾਉਣਾ।

ਰੱਬ ਦਾ ਭਾਣਾ ਮੰਨ ਕੇ ਯਾਰੋ,
ਨਾ ਕੋਈ ਮੇਰਾ ਸੋਗ ਮਨਾਉਣਾ।

ਨਾ ਕੋਈ ਮੜ੍ਹੀ ਬਣਾਇਉ ਮੇਰੀ,
ਨਾ ਕੋਈ ਉਸ ਤੇ ਦੀਪ ਜਗਾਉਣਾ।

ਨਾ ਕੋਈ ਇਹਦੀ ਰਾਖ ਬਣਾਇਉ,
ਨਾ ਫੁੱਲ ਮੇਰੇ ਗੰਗਾ ਪਾਉਣਾ।

ਅੰਤਿਮ ਇੱਛਾ ਮੇਰੀ ਮਰ ਕੇ,
ਧਰੂ-ਤਾਰਾ ਬਣ ਜਾਵਾਂ।

ਭਟਕੇ ਰਾਹੀਆਂ ਦੀ ਮੰਜ਼ਿਲ ਦਾ,
ਬਣ ਜਾਵਾਂ ਸਿਰਨਾਵਾਂ।
✪

## ਗੁਣ ਇਨਸਾਨੀ

ਗੁਣ ਇਨਸਾਨੀ ਤੂੰ ਅਪਨਾ ਲੈ,
ਕੀ ਰੱਖਿਆ ਫ਼ੋਕੀਆਂ ਸ਼ਾਨਾ ਵਿਚ।

ਬੁੱਤ ਤਰਾਸ਼ ਕੇ ਅਪਣੇ ਹੱਥੀਂ ਫਿਰ,
ਕੀ ਲੱਭਣਾ ਚਾਹੇਂ, ਪੱਥਰ ਦੇ ਭਗਵਾਨਾਂ ਵਿਚ।

ਆਪਣੇ ਪੈਰੀਂ ਖੜ੍ਹਨਾ ਸਿੱਖ ਲੈ,
ਜੇ ਰਹਿਣਾ ਦੋ ਜਹਾਨਾਂ ਵਿਚ।

ਬਾਜਾਂ ਵਾਲੇ ਗੁਣ ਅਪਨਾ ਲੈ,
ਜੇ ਉੱਡਣਾ ਤੂੰ ਅਸਮਾਨਾਂ ਵਿਚ।

ਕੀ ਫ਼ਾਇਦਾ ਜੇ ਅਮਲ ਨਹੀਂ ਕਰਨਾ,
ਜੋ ਲਿਖਿਆ, ਗੀਤਾ, ਗਰੰਥ ਕੁਰਾਨਾਂ ਵਿਚ

ਇਹ ਧਰਤੀ ਤਦ ਸਵਰਗ ਬਣੇਗੀ,
ਪਰਉਪਕਾਰੀ ਗੁਣ, ਜੇ ਹੋਵਣ ਇਨਸਾਨਾਂ ਵਿਚ।

ਰੱਖਿਆ ਦੀ ਕੀ ਆਸ ਕਰਾਂਗੇ,
ਜੇਕਰ, ਖੋਟ ਹੋਵੇ ਦਰਬਾਨਾਂ ਵਿਚ।
✪

## ਦੁਨੀਆਂ ਨੂੰ ਰਾਹੇ ਪਾ ਬਾਬਾ

ਤੂੰ ਵਿਚ ਨਨਕਾਣੇ ਆਇਆ ਸੀ,
ਪਾਧੇ ਨੂੰ ਆਣ ਪੜ੍ਹਾਇਆ ਸੀ,
ਭੁੱਲਿਆਂ ਨੂੰ ਰਾਹੇ ਪਾਇਆ ਸੀ,
ਤੂੰ ਰੱਬ ਦਾ ਨਾਮ ਜਪਾਇਆ ਸੀ,
ਫਿਰ ਰੱਬ ਦਾ ਨਾਮ ਜਪਾ ਬਾਬਾ।
ਦੁਨੀਆਂ ਨੂੰ ਰਾਹੇ ਪਾ ਬਾਬਾ।

ਤੂੰ ਬੇਲੇ ਮੱਝੀਆਂ ਚਾਰ ਗਿਆ,
ਦੁਖੀਆਂ ਦਾ ਦੁੱਖ ਨਿਵਾਰ ਗਿਆ,
ਅੱਜ ਦੁਨੀਆਂ ਪਏ ਚਰਾਉਂਦੇ ਨੇ,
ਫਿਰ ਰਾਖੇ ਆਪ ਸਦਾਉਂਦੇ ਨੇ,
ਤੂੰ ਰਾਖਾ ਬਣ ਕੇ ਆ ਬਾਬਾ,
ਦੁਨੀਆਂ ਨੂੰ ਰਾਹੇ ਪਾ ਬਾਬਾ।

ਸੱਪਾਂ ਨੇ ਫਣ ਖਿਲਾਰੇ ਸੀ।
ਤੂੰ ਕੌਡੇ ਵਰਗੇ ਤਾਰੇ ਸੀ।
ਤੂੰ ਤਪਦੇ ਪਲ ਵਿਚ ਠਾਰੇ ਸੀ।
ਮਿੱਠੇ ਤੂੰ ਕੀਤੇ ਜੋ ਖਾਰੇ ਸੀ।
ਆ ਆਪਣਾ ਚੋਜ਼ ਦਿਖਾ ਬਾਬਾ।
ਦੁਨੀਆਂ ਨੂੰ ਰਾਹੇ ਪਾ ਬਾਬਾ।

ਤੂੰ ਤੇਰਾਂ ਤੇਰਾਂ ਕਹਿਕੇ ਤੇ,
ਵਿੱਚ ਮੋਦੀ ਖਾਨੇ ਬਹਿ ਕੇ ਤੇ,
ਸਭ ਕੁੱਝ ਲੇਖੇ ਲਾਇਆ ਸੀ,
ਦੁਖੀਆਂ ਦਾ ਦੁੱਖ ਵੰਡਾਇਆ ਸੀ।
ਦੁਨੀਆਂ ਦਾ ਦੁੱਖ ਵੰਡਾ ਬਾਬਾ।
ਦੁਨੀਆਂ ਨੂੰ ਰਾਹੇ ਪਾ ਬਾਬਾ।

ਤੂੰ ਔਰਤ ਵੀ ਉਚਿਆਈ ਸੀ,
ਇਹ ਵੀ ਇਕ ਸੱਚਾਈ ਸੀ,
ਨਾ ਰਹੀ ਅੱਜ ਨਾਦਾਨ ਕੋਈ,
ਉਹ ਲੋਕਾਂ ਦੀ ਪ੍ਰਧਾਨ ਹੋਈ,
ਆ ਉਹ ਹੀ ਸਦ ਲਗਾ ਬਾਬਾ।
ਦੁਨੀਆਂ ਨੂੰ ਰਾਹੇ ਪਾ ਬਾਬਾ।

ਤੂੰ ਜੱਗ ਨੂੰ ਚਾਨਣ ਦਿੱਤਾ ਸੀ,
ਤੇਰਾ ਸੱਚਾ ਤੇ ਸੁੱਚਾ ਕਿੱਤਾ ਸੀ,
ਅੱਜ ਝੂਠੇ ਕਿੱਤੇ ਕਰਦੇ ਨੇ,
ਪਾਪਾਂ ਨਾਲ ਝੋਲ਼ੀ ਭਰਦੇ ਨੇ,
ਪਾਪਾਂ ਨੂੰ ਆਣ ਮਿਟਾ ਬਾਬਾ।
ਦੁਨੀਆਂ ਨੂੰ ਰਾਹੇ ਪਾ ਬਾਬਾ।

ਤੂੰ ਪੰਧ ਮੁਕਾਏ ਤੁਰਕੇ ਸੀ,
ਭਰਮਾਂ ਤੋਂ ਲਾਹੇ ਬੁਰਕੇ ਸੀ,
ਅੱਜ ਮਜ਼ਬਾਂ ਦੇ ਝਗੜੇ-ਝੇੜੇ ਨੇ,
ਪਏ ਆਪੋ ਵਿਚ ਵਖੇੜੇ ਨੇ,
ਤੂੰ ਝਗੜੇ ਆਣ ਮਿਟਾ ਬਾਬਾ।
ਦੁਨੀਆਂ ਨੂੰ ਰਾਹੇ ਪਾ ਬਾਬਾ।

ਤੂੰ ਪੰਜੇ ਤੇ ਪਰਬਤ ਡੱਕੇ ਸੀ।
ਤੂੰ ਜਾ ਭੁਆਏ ਮੱਕੇ ਸੀ।
ਅੱਜ ਦੁਨੀਆਂ ਏਨੀ ਪੱਸਰੀ ਏ,
ਤੇਰੀ ਸਿੱਖਿਆ ਤੋਂ ਬੇ ਅਸਰੀ ਏ,
ਦੇ ਸਿੱਖਿਆ ਤੂੰ ਸਮਝਾ ਬਾਬਾ,
ਦੁਨੀਆਂ ਨੂੰ ਰਾਹੇ ਪਾ ਬਾਬਾ।

ਤੈਨੂੰ ਇੱਟਾਂ ਤੇ ਪੱਥਰ ਵੱਜੇ ਸੀ,
ਅੱਜ ਗੋਲੀ ਤੇ ਅੱਥਰੂ ਗੈਸਾਂ ਨੇ,
ਕੋਈ ਸਮਝ ਤੇਰੀ ਤੋਂ ਮੁਨਕਰ ਹੈ,
ਤੇਰੀ ਬਾਣੀ ਤੇ ਹੁੰਦੀਆਂ ਬਹਿਸਾਂ ਨੇ,
ਇਨ੍ਹਾਂ ਦਾ ਭਰਮ ਮਿਟਾ ਬਾਬਾ।
ਦੁਨੀਆਂ ਨੂੰ ਰਾਹੇ ਪਾ ਬਾਬਾ।

ਤੇਰੀ ਬਾਣੀ ਅਰਸ਼ੋਂ ਵਰਸੀ ਏ,
ਰੂਹ 'ਗਿੱਲ' ਦੀ ਤੈਨੂੰ ਤਰਸੀ ਏ,
ਅੱਜ ਭਾਗੋ ਬਣੇ ਬਥੇਰੇ ਨੇ,
ਅੱਜ ਰਾਖੇ ਬਣੇ ਲੁਟੇਰੇ ਨੇ,
ਤੂੰ ਕਿਸੇ ਵੀ ਜਾਮੇ ਆ ਬਾਬਾ।
ਦੁਨੀਆਂ ਨੂੰ ਰਾਹੇ ਪਾ ਬਾਬਾ।
✪

## ਕੱਲ੍ਹ ਅਤੇ ਅੱਜ

ਕੱਲ੍ਹ ਤੂੰ ਆਖਦਾ ਸੀ,
ਤੇਰੇ ਖ਼ਿਆਲ ਅਤੇ ਮੇਰੇ ਖ਼ਿਆਲ,
ਆਪਸ ਵਿਚ ਕਿੰਨਾ ਮੇਲ ਖਾਂਦੇ ਨੇ।
ਜਿਵੇਂ ਹੋਣ ਇਕ ਦੂਜੇ ਦੇ ਭਿਆਲ ਹੋਣ,
ਅੱਜ ਤੈਨੂੰ ਮੇਰੇ ਖ਼ਿਆਲ,
ਤੇਰੇ ਖ਼ਿਆਲਾਂ ਸਾਹਮਣੇ,
ਜਿਵੇਂ ਬੌਂਣੇ ਜਾਪਦੇ ਨੇ।
ਕੱਲ੍ਹ ਤੈਨੂੰ ਮੇਰੀਆਂ ਜੁਲਫ਼ਾਂ,
ਕਿਸੇ ਕਾਲੀ ਘਟਾ ਤੋਂ,
ਘੱਟ ਨਹੀਂ ਜਾਪਦੀਆਂ ਸਨ।
ਅੱਜ ਤੈਨੂੰ ਮੇਰੀਆਂ ਜ਼ੁਲਫ਼ਾਂ,
ਜਿਵੇਂ ਨਾਗ ਬਣ ਡੱਸਦੀਆਂ ਹੋਣ।
ਤੇਰੀ ਬੇਬਸੀ ਤੇ ਹੱਸਦੀਆਂ ਹੋਣ
ਕੱਲ੍ਹ ਤੂੰ ਆਖਦਾ ਸੀ ਜਿਵੇਂ,
ਤੇਰੀ ਸੋਚ ਅਤੇ ਮੇਰੀ ਸੋਚ,
ਇਕ ਦੂਜੀ ਦੀ ਹਮਸਾਈ ਹੈ।

ਅੱਜ ਤੇਰੀ ਸੋਚ ਅਤੇ ਮੇਰੀ ਸੋਚ,
ਇਕ ਦੂਜੀ ਤੇ ਭਾਰੂ ਹੈ,
ਇਕ ਦੂਜੀ ਦੀ ਹਰਜਾਈ ਹੈ।
ਕੱਲ੍ਹ ਤੂੰ ਆਖਦਾ ਸੀ ਜਿੱਦਾਂ
ਤੇਰਾ ਪਿਆਰ ਅਤੇ ਮੇਰਾ ਪਿਆਰ,
ਧਰਤੀ ਅਤੇ ਅੰਬਰ ਦੀ ਦੁਮੇਲ,
ਅੱਜ ਸਾਡਾ ਸਾਥ ਜਾਪੇ,
ਜਿਵੇਂ ਹੋਵੇ ਕਲਪਨਾ ਦਾ ਖੇਲ।
ਜਿਵੇਂ ਚੜ੍ਹਦੇ ਸੂਰਜ ਦੀ ਲਾਲੀ,
ਅਤੇ ਛਿਪਦੇ ਸੂਰਜ ਦੀ ਲੋਅ,
ਕਦੀ ਇੱਕ ਨਾ ਸਕਦੇ ਹੋ।
ਆ ਹੁਣ ਛੱਡ ਦੇਈਏ,
ਅਸੀਂ ਖੁਦੀਆਂ ਦੀ ਗੱਲ।
ਸਿੱਖ ਲਈਏ ਅਸੀਂ ਵੀ,
ਇੱਕ ਮਿੱਕ ਹੋਣ ਦਾ ਵਲ।
✪

## ਜ਼ਿੰਦਗੀ

ਜ਼ਿੰਦਗੀ ਨੂੰ ਨੇੜ ਤੋਂ ਮੈਂ ਨੀਝ ਨਾਲ ਦੇਖਿਆ।
ਜੋ ਕੁਝ ਦੇਖਿਆ ਅਜੀਬ ਹੀ ਮੈਂ ਦੇਖਿਆ।

ਦਿਹੁੰ ਚੜ੍ਹਨ ਤੋਂ ਵੀ ਪਹਿਲਾਂ,
ਹਰ ਕੋਈ ਅਮੀਰ ਹੋਣਾ ਚਾਹ ਰਿਹਾ।
ਅਹਿ ਵੀ ਹੋਵੇ ਔਹ ਵੀ ਹੋਵੇ,
ਦਿਨੇ ਰਾਤੀਂ ਗ਼ਮ ਇਹੋ ਖਾ ਰਿਹਾ।
ਛੱਡ ਹਮਸਾਏ ਬੇਗਾਨਿਆਂ ਦੇ ਕਰੀਬ ਹੁੰਦਾ ਦੇਖਿਆ।

ਹਰ ਲੋੜ ਸਾਡੀ ਲੋੜ ਨਾ,
ਹਰ ਥੋੜ ਸਾਡੀ ਥੋੜ ਨਾ,
ਹੋਰ ਹੋਰ ਵਾਲੀ ਭਰਦੀ ਕਦੀ ਖੋੜ ਨਾ,
ਸਭ ਕੁਝ ਹੁੰਦਿਆਂ ਗ਼ਰੀਬ ਹੁੰਦਾ ਦੇਖਿਆ।

ਨਾ ਸੁੱਖ ਹੈ ਨਾ ਚੈਨ ਹੈ,
ਦਿਨੇ ਰਾਤੀਂ ਰਹਿੰਦੀ ਦੌੜ ਭੱਜ ਹੈ।
ਵਿਹਲ ਨਹੀਂ ਸੌਣ ਦਾ ਨਾ ਹੱਸਣ ਹਸੌਣ ਦਾ,
ਨਾ ਜੀਣ ਦਾ ਕੋਈ ਹੱਜ ਹੈ।
ਮਨੁੱਖ ਹੱਥੋਂ ਮਨੁੱਖ ਹੀ ਖਰੀਦ ਹੁੰਦਾ ਦੇਖਿਆ।

ਜ਼ਿੰਦਗੀ ਨੂੰ ਨੇੜ ਤੋਂ ਮੈਂ ਨੀਝ ਨਾਲ ਦੇਖਿਆ।
ਜੋ ਕੁਝ ਦੇਖਿਆ ਅਜੀਬ ਹੀ ਮੈਂ ਦੇਖਿਆ।
✪

## ਰੁੱਖ

ਰੁੱਖਾਂ ਦੀ ਹੈ ਅਜ਼ਬ ਕਹਾਣੀ,
ਮੈਂ ਕੀ-ਕੀ ਆਖ ਸੁਣਾਵਾਂ।

ਕੇਵਲ ਸਾਥੋਂ ਮੰਗਦੇ ਪਾਣੀ,
ਸਾਨੂੰ ਦੇਵਣ ਠੰਡੀਆਂ ਛਾਵਾਂ।

ਕੁਝ ਰੁੱਖ ਮੇਰੇ ਹਾਣੀਆਂ ਵਰਗੇ,
ਦਿਲ ਕਰਦੈ ਘੁੱਟ-ਘੁੱਟ ਜੱਫੀਆਂ ਪਾਵਾਂ।

ਨੱਚੀਆਂ ਵਾਂਗ ਇਹ ਤਦੋਂ ਝੂੰਮਦੇ,
ਜਦ ਵੀ ਚੱਲਣ ਤੇਜ਼ ਹਵਾਵਾਂ।

ਸਾਥੋਂ ਤਾਂ ਇਹ ਕੁਝ ਨਹੀਂ ਮੰਗਦੇ,
ਸਾਨੂੰ ਦੇਵਣ ਫਲ, ਫੁੱਲ, ਛਾਵਾਂ।

ਧਰਤੀ ਮਾਂ ਦਾ ਚੂਸਣ ਪਾਣੀ,
ਜਿਵੇਂ ਸੀਰ ਚੁੰਘਾਵਣ ਮਾਵਾਂ।

ਕੁਝ ਰੁੱਖ ਜਾਪਣ ਵੱਡ ਵਡੇਰੇ,
ਕੋਲੋਂ ਲੰਘਦਾ ਨਤਮਸਤਕ ਹੋ ਜਾਵਾਂ।

ਜੇਠ ਹਾੜ ਦੀਆਂ ਧੁੱਪਾਂ ਜਰਦੇ,
ਸਾਨੂੰ ਦੇਵਣ ਠੰਡੀਆਂ ਛਾਵਾਂ।

ਵਿੱਚ ਕਰਤਾਰਾਂ ਇੰਝ ਖਲੋਂਦੇ,
ਜਿਵੇਂ ਤੱਕਣ ਸਾਡੀਆਂ ਰਾਹਵਾਂ।

ਕੁੱਝ ਰੁੱਖ ਲਗਦੇ ਬਾਲਾਂ ਵਰਗੇ,
ਦਿਲ ਕਰਦੈ ਗੋਦ ਖਿਡਾਵਾਂ।

ਲਾਹ ਥਕੇਵਾਂ ਰਾਹੀਂ ਤੁਰਦੇ,
ਜਿੱਦਾਂ ਹੋਵਣ ਇਹ ਸਰਾਵਾਂ।

ਫ਼ਲਦੇ ਫੁਲਦੇ ਰਹਿਣ ਸਦਾ ਹੀ,
ਨਾ ਢੁੱਕਣ ਨੇੜ ਬਲਾਵਾਂ।

ਬਿਨ ਮੰਗਿਆਂ ਹੀ ਫ਼ਲ ਫੁੱਲ ਦਿੰਦੇ,
ਮੈਂ ਸਦਕੇ ਕਿਉਂ ਨਾ ਜਾਵਾਂ।
✪

## ਦੇਸ਼ ਦਾ ਕਿਸਾਨ

ਦੇਸ਼ ਦੇ ਕਿਸਾਨਾਂ ਤੇਰੇ ਜਾਈਏ ਵਾਰੇ ਵਾਰੇ।
ਦੇਸ਼ ਵਾਲੇ ਜੀਨ੍ਹੇ ਸਾਰੇ ਕੰਮ ਨੇ ਸੰਵਾਰੇ।

ਸਿਆਲ ਦਿਆਂ ਕੱਕਰਾਂ 'ਚ ਪਾਣੀ ਪਿਆ ਲਾਂਵਦਾ,
ਤੇਰੀਆਂ ਕਮਾਈਆਂ ਸਾਰਾ ਜੱਗ ਪਿਆ ਖਾਂਵਦਾ।
ਸਦਾ-ਸਦਾ ਵਸਣ ਤੇ ਮਹਿਲ ਮੁਨਾਰੇ
ਦੇਸ਼ ਦੇ ਕਿਸਾਨਾਂ.....

ਭੱਤਾ ਲੈ ਕੇ ਨਾਰ ਤੇਰੀ ਜਦ ਚੱਲੀ ਆਂਵਦੀ,
ਸੱਪਣੀ ਏ ਮਾਨੋਂ ਕੋਈ ਵਲ ਖਾਂਦੀ ਜਾਂਵਦੀ,
ਧੁੱਪ ਵਿਚ ਲਿਸ਼ਕਦੇ ਨੇ ਗੋਟਾ ਤੇ ਸਿਤਾਰੇ।
ਦੇਸ਼ ਦੇ ਕਿਸਾਨਾਂ.....

ਧੁੱਪਾਂ ਵਿਚ ਬਹਿ ਕੇ ਵਾਢੀਆਂ ਏਂ ਕਰਦਾ,
ਲੱਖਾਂ ਹੀ ਮੁਸੀਬਤਾਂ ਤੂੰ ਖਿੜੇ ਮੱਥੇ ਜਰਦਾ,
ਕੰਮ ਤੈਨੂੰ ਲਗਦੇ ਨੇ ਆਪਣੇ ਪਿਆਰੇ।
ਦੇਸ਼ ਦੇ ਕਿਸਾਨਾਂ.....

ਝੱਖੜਾਂ ਹਨੇਰੀਆਂ ਤੋਂ ਤੂੰ ਨਈਉਂ ਡਰਦਾ,
ਸਿੱਧਾ ਸਾਦਾ ਪਹਿਨ ਕੇ ਗੁਜ਼ਾਰਾ ਏਂ ਤੂੰ ਕਰਦਾ,
ਦੇਸ਼ ਨੂੰ ਨੇ ਲੱਖ-ਲੱਖ ਤੇਰੇ ਹੀ ਸਹਾਰੇ।
ਦੇਸ਼ ਦੇ ਕਿਸਾਨਾਂ.....

ਇੱਕ ਹੈ ਸਹਾਰਾ ਤੇਰਾ ਦੂਜਾ ਸੱਚੇ ਰੱਬ ਦਾ,
ਦੇਸ਼ ਦੀ ਹੈਂ ਸ਼ਾਨ ਤੂੰ ਹੀ ਦੇਸ਼ ਸੋਹਣਾ ਲਗਦਾ,
ਸਦਾ-ਸਦਾ ਹੋਣ ਤੇਰੇ ਵਾਰੇ ਅਤੇ ਨਿਆਰੇ।
ਦੇਸ਼ ਦੇ ਕਿਸਾਨਾਂ ਤੇਰੇ ਜਾਈਏ ਵਾਰੇ ਵਾਰੇ।
ਦੇਸ਼ ਵਾਲੇ ਜ਼ੀਨੇ ਸਾਰੇ ਕੰਮ ਨੇ ਸੰਵਾਰੇ।
✪

## ਮੈਂ ਵੇਖਦਾ ਹੀ ਰਹਿ ਗਿਆ

ਤੇਰੀ ਮੇਰੀ ਪ੍ਰੀਤ ਨੀ ਅੜੀਏ,
ਅਜ਼ਲਾਂ ਤੋਂ ਤੁਰ ਆਈ।
ਪੀ-ਪੀ ਰਸ ਤੇਰੇ ਦੀਆਂ ਬੂੰਦਾਂ,
ਮੈਂ ਜ਼ਿੰਦਗੀ ਮਧੁਰ ਬਣਾਈ।
ਦੇਖ-ਦੇਖ ਇਹ ਪ੍ਰੀਤ ਅਸਾਡੀ,
ਇਹ ਸੜਦੀ ਰਹੀ ਲੋਕਾਈ।
ਆਖ਼ਿਰ ਜਿੱਤ ਏਸੇ ਦੀ ਹੋਈ,
ਸਾਡੀ ਪੇਸ਼ ਨਾ ਚੱਲੀ ਕਾਈ।
ਖ਼ੁਸ਼ਬੂ ਤੇਰੀ ਨੇ ਖਿੱਚਾਂ ਪਾਈਆਂ,
ਕੋਲ ਕੋਈ ਜ਼ਾਲਮ ਆ ਕੇ ਬਹਿ ਗਿਆ।
ਰਸਮੀ ਜਾਲ ਕਸੇ ਐਸੇ,
ਤੈਨੂੰ ਛਲ ਕੇ ਲੈ ਗਿਆ।
ਮੇਰੀ ਸੀ ਅੱਜ ਮੈਨੂੰ ਮਿਲੀ,
ਇਹ ਜਾਂਦਾ ਹੋਇਆ ਕਹਿ ਗਿਆ।
ਹਿਜ਼ਰ ਬਾਣ ਲੱਗਾ ਐਸਾ,
ਮੈਂ ਗਸ਼ ਖਾਕੇ ਢਹਿ ਪਿਆ।
ਹੋਸ਼ ਪਰਤੇ ਸੀ ਅਜੇ,
ਉਹ ਔਹ ਗਿਆ ਤੇ ਔਹ ਗਿਆ।
ਪੱਲਾ ਝਾੜ ਉੱਠ ਬੈਠਾ,
ਮੈਂ ਵੇਖਦਾ ਹੀ ਰਹਿ ਗਿਆ।
✪

## ਗੀਤ
## ਭਾਰਤੀ ਜਵਾਨ

ਭਾਰਤੀ ਜਵਾਨਾ ਇੱਕ ਫ਼ਰਜ਼ ਨਿਭਾਂਦਾ ਜਾ।
ਦੇਸ਼ ਪਿਆਰ ਵਾਲਾ, ਕਰਜ਼ ਚੁਕਾਂਦਾ ਜਾ।

ਦੇਸ਼ ਨੂੰ ਏ ਲੋੜ ਅੱਜ ਵੀਰ ਜਵਾਨਾਂ ਦੀ,
ਮੱਲ ਜਿਨ੍ਹਾਂ ਮਾਰਨੀ ਏ ਜੰਗ ਦੇ ਮੈਦਾਨਾਂ ਦੀ।
ਅੱਗੇ ਅੱਗੇ ਆਪਣਾ ਤੂੰ ਪੈਰ ਵਧਾਂਦਾ ਜਾ।
ਦੇਸ ਦੇ ਜਵਾਨਾ.....

ਵੈਰੀ ਅੱਜ ਦੇਸ਼ ਵਿੱਚ ਫੁੱਟ ਪਾਉਣੀ ਚਾਹ ਰਿਹਾ,
ਜਾਤ ਕੁਜਾਤ ਵਾਲਾ ਭੇਦ ਉਠਾ ਰਿਹਾ।
ਏਕਤਾ ਦਾ ਪਾਠ ਤੂੰ, ਸਭ ਨੂੰ ਪੜ੍ਹਾਂਦਾ ਜਾ।
ਦੇਸ ਦੇ ਜਵਾਨਾ.....

ਅਰਸ਼ੀ ਦਾ ਲਾਲ ਏਂ ਤੂੰ, ਨਲੂਏ ਦਾ ਵੀਰ ਉਏ।
ਜਾਲਮਾਂ ਦਾ ਖ਼ੂਨ ਪੀਵੇ ਤੇਰੀ ਸ਼ਮਸ਼ੀਰ ਉਏ।
ਵੈਰੀਆਂ ਨੂੰ ਆਪਣੇ ਤੂੰ ਹੱਥ ਵੀ ਵਿਖਾਂਦਾ ਜਾ।
ਦੇਸ ਦੇ ਜਵਾਨਾ.....

ਕਰ ਆਵੇ ਵੈਰੀ ਕੋਈ, ਹੱਦਾਂ ਜਦ ਪਾਰ ਉਏ,
ਦੇਸ਼ ਉੱਤੋਂ ਆਪਣਾ ਤੂੰ ਤਨ ਮਨ ਵਾਰ ਉਏ,
ਵੈਰੀਆਂ ਨੂੰ ਲੋਹੇ ਦੇ, ਚਨੇ ਤੂੰ ਚਬਾਂਦਾ ਜਾ।
ਭਾਰਤੀ ਜਵਾਨਾ ਇਕ ਫ਼ਰਜ਼ ਨਿਭਾਂਦਾ ਜਾ।
ਦੇਸ਼ ਪਿਆਰ ਵਾਲਾ ਕਰਜ਼ ਚੁਕਾਂਦਾ ਜਾ।
✪

## ਗੀਤ

ਕਿਹੜੀ ਗੱਲੋਂ ਦੱਸ ਚੰਨਾਂ ਹੋਇਉਂ ਮਜ਼ਬੂਰ ਵੇ।
ਕਿਹੜੀ ਗੱਲੋਂ ਹੁਣ ਸਾਥੋਂ ਰਹਿੰਨਾਂ ਦੂਰ-ਦੂਰ ਵੇ।
ਸੋਚਿਆ ਸੀ ਪਿਆਰ ਚੰਨਾ ਐਸਾ ਅਸੀਂ ਪਾਵਾਂਗੇ।
ਹੁੰਦਾ ਏ ਕੀ ਪਿਆਰ ਅਸੀਂ ਜੱਗ ਨੂੰ ਦਿਖਾਵਾਂਗੇ।
ਦਿਲ ਵਾਲਾ ਸ਼ੀਸ਼ਾ ਸਾਡਾ, ਹੋਇਆ ਚੂਰ-ਚੂਰ ਵੇ। ਕਿਹੜੀ ਗੱਲੋਂ....
ਪਿਆਰ ਤੇਰੇ ਨਾਲ ਚੰਨਾ ਐਸਾ ਅਸੀਂ ਪਾ ਲਿਆ।
ਹਿਜ਼ਰਾਂ ਦੇ ਰੋਗ ਸਾਨੂੰ ਘੁਣ ਵਾਂਗੂੰ ਖਾ ਲਿਆ।
ਕਿਹੜੀ ਗੱਲੋਂ ਕਰ ਬੈਠਾ ਐਨਾ ਤੂੰ ਗਰੂਰ ਵੇ। ਕਿਹੜੀ ਗੱਲੋਂ....
ਪਿਆਰ ਦੀਆਂ ਸੱਧਰਾਂ ਨੂੰ ਇੰਝ ਨਹੀਂ ਰੋਲੀਦਾ।
ਗੁੱਸਾ ਗਿਲਾ ਹੋਵੇ ਚੰਨਾ, ਐਨਾ ਨਹੀਉਂ ਗੌਲ਼ੀਦਾ।
ਲੰਘੀਆਂ ਬਹਾਰਾਂ ਹੁਣ ਝੜ ਗਿਆ ਬੂਰ ਵੇ। ਕਿਹੜੀ ਗੱਲੋਂ....
ਔਸੀਆਂ ਮੈਂ ਪਾਵਾਂ ਕਦੀ ਕਾਂ ਉਡਾਵਾਂ ਵੇ।
ਬੂਹੇ ਵਿਚ ਬੈਠ ਕਦੀ ਤਕਦੀ ਮੈਂ ਰਾਹਵਾਂ ਵੇ।
ਲੰਘ-ਲੰਘ ਜਾਂਦੇ ਚੰਨਾਂ ਬੇੜੀਆਂ ਦੇ ਪੂਰ ਵੇ।
ਹਰ ਇਕ ਪਲ ਜਿਵੇਂ ਬੀਤੇ ਇੱਕ ਸਾਲ ਵੇ।
ਗਲ਼ੀਆਂ ਦੇ ਕੱਖਾਂ ਕੋਲ ਪੁੱਛ ਮੇਰਾ ਹਾਲ ਵੇ।
ਕਿਵੇਂ ਕਰਾਂ ਢੇਲਾ ਤੈਨੂੰ ਦਿਲ ਤੋਂ ਮੈਂ ਦੂਰ ਵੇ।
ਕਿਹੜੀ ਗੱਲੋਂ ਦੱਸ ਚੰਨਾ, ਹੋਇਉਂ ਮਜ਼ਬੂਰ ਵੇ।
ਕਿਹੜੀ ਗੱਲੋਂ ਹੁਣ ਸਾਥੋਂ ਰਹਿੰਨਾ ਦੂਰ-ਦੂਰ ਵੇ।
✪

## ਗੀਤ

ਜ਼ਰਾ ਬਚ ਕੇ ਨੱਚੀਂ ਮੁਟਿਆਰੇ, ਲੱਕ ਨਾ ਮਰੋੜਾ ਖਾ ਜਾਏ।
ਤੇਰੇ ਨਖ਼ਰੇ ਨਾ ਜਾਣ ਸਹਾਰੇ, ਲੱਕ ਨਾ ਮਰੋੜਾ ਖਾ ਜਾਏ।

ਨੱਚ-ਨੱਚ ਕੇ ਤੇਰਾ ਰੰਗ ਹੋਇਆ ਲਾਲ ਨੀ।
ਮਿੱਤਰਾਂ ਦੇ ਦਿਲ ਨੂੰ ਤੂੰ ਕਰਤਾ ਬੇਹਾਲ ਨੀ।
ਤੇਰੇ ਝਮਕੇ ਜਾ ਲੈਣ ਹੁਲਾਰੇ,
ਲੱਕ ਨਾ ਮਰੋੜਾ.....

ਨੱਚ-ਨੱਚ ਤੇਰੀ ਜਦ ਜ਼ੁਲਫ਼ ਖੁੱਲ੍ਹ ਜਾਏ ਨੀ।
ਬੱਦਲੀ ਅਕਾਸ਼ ਵਿਚ ਜਿਵੇਂ ਚੜ੍ਹ ਆਏ ਨੀ।
ਕਿਹੜਾ ਜ਼ੁਲਫ਼ਾਂ ਦੇ ਨਾਗ ਸੰਵਾਰੇ,
ਲੱਕ ਨਾ ਮਰੋੜਾ.....

ਨੱਚ ਲੈ ਤੂੰ ਰੱਜ-ਰੱਜ ਗਿੱਧੇ ਦੀ ਰਾਣੀਏਂ,
ਬਿੰਦ ਝੱਟ ਤੇਰਾ ਸੰਗ ਅਸੀਂ ਵੀ ਤਾਂ ਮਾਣੀਏਂ।
ਤੇਰੇ ਕਰਮਾਂ ਨਾਲ ਹੋਣ ਦੀਦਾਰੇ,
ਲੱਕ ਨਾ ਮਰੋੜਾ.....

ਮਾਰ-ਮਾਰ ਅੱਡੀਆਂ ਤੂੰ ਧਰਤੀ ਹਿਲਾਵੇਂ ਨੀ।
ਹਾਣੀਆਂ ਦੇ ਅੜੀਏ ਤੂੰ ਸੀਨੇ ਅੱਗ ਲਾਵੇਂ ਨੀ।
ਤੇਰੇ ਨਖ਼ਰੇ ਦਾ ਕਿਹੜਾ ਮੁੱਲ ਪਾਵੇ, ਲੱਕ ਨਾ।
ਜ਼ਰਾ ਬਚ ਕੇ ਨੱਚੀਂ ਮੁਟਿਆਰੇ, ਲੱਕ ਨਾ ਮਰੋੜਾ ਖਾ ਜਾਏ।
ਤੇਰੇ ਨਖ਼ਰੇ ਨਾ ਜਾਣ ਸਹਾਰੇ, ਲੱਕ  ਨਾ ਮਰੋੜਾ ਖਾ ਜਾਏ।
✪

## ਗੀਤ

ਮੁੜ-ਮੁੜ ਯਾਦ ਸਤਾਵੇ ਪਿੰਡ ਦੇ ਯਾਰਾਂ ਦੀ।
ਯਾਰਾਂ ਨਾਲ ਜੋ ਮਾਣੀਆਂ ਮੌਜ ਬਹਾਰਾਂ ਦੀ।

ਨਿੱਕੀ-ਨਿੱਕੀ ਗੱਲ ਤੋਂ ਮੁੱਕੇ ਤਣ ਜਾਂਦੇ।
ਚੀਚੀ ਨਾਲ ਛੁਹਾ ਕੇ ਚੀਚੀ ਮਿੱਤਰ ਬਣ ਜਾਂਦੇ।
ਸਾਂਝ ਪੱਕੀ ਸੀ ਏਨੀ ਸਾਡੇ ਪਿਆਰਾਂ ਦੀ।
ਮੁੜ-ਮੁੜ ਯਾਦ ਸਤਾਵੇ.....

ਕੋਈ ਸ਼ੇਅਰ, ਕੋਈ ਗੀਤ ਸੁਣਾਉਂਦਾ ਸੀ।
ਕੋਈ ਚੁਟਕਲਾ ਕੋਈ ਬੋਲੀ ਪਾਉਂਦਾ ਸੀ।
ਫ਼ਿਕਰ ਨਾ ਕੋਈ ਰਹਿੰਦੀ ਕੰਮਾਂ-ਕਾਰਾਂ ਦੀ।
ਮੁੜ-ਮੁੜ ਯਾਦ ਸਤਾਵੇ.....

ਖਿੱਦੋ-ਖੂੰਡੀ ਖੇਡਕੇ ਘਰ ਨੂੰ ਮੁੜਦੇ ਸੀ।
ਲੁਕਣ-ਮੀਟੀ ਖੇਡਣ ਲਈ ਆ ਜੁੜਦੇ ਸੀ।
ਪਰਵਾਹ ਕੋਈ ਨਾ ਰਹਿੰਦੀ ਜਿੱਤਾਂ ਹਾਰਾਂ ਦੀ।
ਮੁੜ-ਮੁੜ ਯਾਦ ਸਤਾਵੇ.....

ਮਾਂ ਨੂੰ ਹੁੰਦੀ ਕੋਈ ਜਦ ਮਜ਼ਬੂਰੀ ਸੀ।
ਖੰਡ ਘਿਉ ਦੀ ਕੁੱਟ ਕੇ ਦਿੰਦੀ ਚੂਰੀ ਸੀ।
ਕਦੇ ਲਗਾਉਂਦੀ ਝੜੀ, ਉਹ ਫਿਟਕਾਰਾਂ ਦੀ।
ਮੁੜ-ਮੁੜ ਯਾਦ ਸਤਾਵੇ ਪਿੰਡ ਦੇ ਯਾਰਾਂ ਦੀ।
ਯਾਰਾਂ ਨਾਲ ਜੋ ਮਾਣੀਆਂ ਮੌਜ ਬਹਾਰਾਂ ਦੀ।
✪

## ਗੀਤ

ਬੜੇ ਬੇਰਹਿਮ ਤੇ ਤੇਰੀ ਤਰ੍ਹਾਂ,
ਇਹ ਲੋਕ ਤੇਰੇ ਸ਼ਹਿਰ ਦੇ।
ਦੁੱਖ ਦਰਦ ਕਿਸੇ ਦਾ ਪੁੱਛਦੇ ਨਾ,
ਇਕ ਪਲ ਵੀ ਕਦੇ ਨਾ ਠਹਿਰਦੇ। ਬੜੇ ਬੇਰਹਿਮ....
ਗੁੰਮ ਜਾਂਦੇ ਨੇ ਭੀੜਾਂ 'ਚ ਇਸ ਤਰ੍ਹਾਂ ਇਹ,
ਲੱਭਦੇ ਨਹੀਂ ਚਿੰਨ੍ਹ, ਜਿੱਦਾਂ ਲਹਿਰ ਦੇ। ਬੜੇ ਬੇਰਹਿਮ....
ਸਾਥੀ ਬਣਾਇਆ ਜਿਨ੍ਹਾਂ ਨੂੰ ਪਹਿਲੇ ਪਹਿਰ,
ਸਾਥੀ ਉਹ ਨਿਕਲੇ, ਬੱਸ ਦੂਜੇ ਪਹਿਰ ਦੇ। ਬੜੇ ਬੇਰਹਿਮ....
ਤੋੜ ਦੇਂਦੇ ਨੇ ਵਿਸ਼ਵਾਸ ਇਸ ਤਰ੍ਹਾਂ,
ਖੁਰ ਜਾਂਦੇ ਨੇ ਜਿੱਦਾਂ, ਕੰਢੇ ਨਹਿਰ ਦੇ। ਬੜੇ ਬੇਰਹਿਮ....
ਹੰਝੂ ਵਹਾਉਂਦੇ ਨੇ ਤੇਰੀ ਤਰ੍ਹਾਂ ਇਹ,
ਪਰ ਹੰਝੂ ਇਹ ਹੁੰਦੇ ਨੇ ਹੰਝੂ ਜ਼ਹਿਰ ਦੇ। ਬੜੇ ਬੇਰਹਿਮ....
ਰੁਲਾਇਆ ਸਤਾਇਆ ਤੂੰ 'ਗਿੱਲ' ਨੂੰ ਬੜਾ,
ਜ਼ੁਲਮ ਕਰਦੇ ਨੇ ਇਹ ਵੀ ਕਹਿਰ ਦੇ।
ਬੜੇ ਬੇਰਹਿਮ ਨੇ ਤੇਰੀ ਤਰ੍ਹਾਂ
ਇਹ ਸ਼ੌਕ ਤੇਰੇ ਸ਼ਹਿਰ ਦੇ
✪

## ਗੀਤ

ਮਾਏ ਨੀ ਸੁਣ ਮੇਰੀਏ ਮਾਏ,
ਧੀਆਂ ਤੇ ਦਿਨ ਕੈਸੇ ਆਏ,
ਤੂੰ ਵੀ ਸੰਗ ਦੁਨੀਆਂ ਦੇ ਰਲ ਗਈ,
ਖ਼ਬਰੇ ਕਿਉਂ ਤੇਰੀ ਮਮਤਾ ਮਰ ਗਈ।

ਕਰ ਨਾ ਸਕੀ ਤੂੰ ਮੇਰੀ ਰਾਖੀ,
ਬਾੜ ਹੀ ਜਦ ਖੇਤ ਨੂੰ ਖਾਏ,
ਫ਼ਸਲਾਂ ਨੂੰ ਦੱਸ ਕੌਣ ਬਚਾਏ,
ਜਾਪੇ ਮਮਤਾ ਗਈ ਸਰਾਪੀ।

ਤੂੰ ਵੀ ਮੁੱਖ ਹੈ ਮੋੜ ਗਈ ਨੀਂ,
ਮੋਹ ਦੀਆਂ ਤੰਦਾਂ ਤੋੜ ਗਈ ਨੀਂ,
ਦੱਸ ਕੀ ਬਚਿਆ ਮੇਰਾ ਬਾਕੀ,
ਤੈਥੋਂ ਇਹ ਮੈਨੂੰ ਆਸ ਨਹੀਂ ਸੀ।
ਮੈਨੂੰ ਇਹ ਅਹਿਸਾਸ ਨਹੀਂ ਸੀ।
ਤੂੰ ਵੀ ਬਣਨਾ ਇਕ ਦਿਨ ਪਾਪੀ,
ਮਾਸੀ ਮਾਸੜ, ਭੂਆ ਫੁੱਫੜ, ਚਾਚੇ ਤਾਏ,
ਕੁੱਖ ਵਿਚ ਸਾਰੇ ਸਾਕ ਮੁਕਾਏ।
ਦੇਖ ਸਕੀ ਨਾ ਜੱਗ ਦੀ ਝਾਕੀ।

ਆਖ ਸਕੀ ਨਾ ਚਾਚਾ ਤਾਇਆ,
ਇਹ ਕੀ ਭਾਣਾ ਤੂੰ ਵਰਤਾਇਆ।
ਤੋਤਲੀ ਬੋਲੀ ਬੋਲ ਕੇ ਅੜੀਏ,
ਆਖ ਸਕੀ ਨਾ ਤਾਤਾ ਤਾਤੀ।
ਮਾਏ ਨੀਂ ਸੁਣ ਮੇਰੀਏ ਮਾਏ,
ਧੀਆਂ ਤੇ ਦਿਨ ਕੈਸੇ ਆਏ।
✪

## ਗੀਤ

ਨਾ ਤੋਰੀਂ ਨਾ ਤੋਰੀਂ ਵੇ ਬਾਬਲ,
ਨਾ ਤੋਰੀਂ ਨਾ ਤੋਰੀਂ,
ਕਦੇ ਨਿਹੁੰ ਨਾ ਲਗਦੇ ਜੋਰੀਂ ਵੇ ਬਾਬਲ,
ਨਾ ਤੋਰੀਂ ਨਾ ਤੋਰੀਂ.....

ਤੂੰ ਚਾਹੇਂ ਸਿਰੋਂ ਭਾਰ ਵੇ ਲਾਹੁਣਾ,
ਪਰ ਇਹ ਜੋਬਨ ਮੁੜ ਨਹੀਂ ਆਉਣਾ,
ਇੱਕ ਝਟਕੇ ਨਾਲ ਟੁੱਟ ਜੋ ਜਾਵਣ,
ਕਿਉਂ ਬੰਨ੍ਹਦਾ ਉਹ ਡੋਰੀਂ ਵੇ ਬਾਬਲ,
ਨਾ ਤੋਰੀਂ ਨਾ ਤੋਰੀਂ.....

ਮੇਰਾ ਮਹਿਰਮ ਦਿਲ ਵਿਚ ਵਸਦਾ,
ਨਾਂਹ ਤੇਰੀ ਤੋਂ ਡਰ-ਡਰ ਨਸਦਾ,
ਮੈਂ ਉਹਦੀ ਉਹ ਮੇਰਾ ਹੋਇਆ,
ਤੂੰ ਲੜ ਲਾਏਂ ਹੋਰੀ ਵੇ ਬਾਬਲ,
ਨਾ ਤੋਰੀਂ ਨਾ ਤੋਰੀਂ.....

ਤੇਰੀ ਪੱਗ ਨੂੰ ਲਾਜ ਨਾ ਲਾਵਾਂ,
ਤੇਰੇ ਅੱਗੇ ਵਾਸਤੇ ਪਾਵਾਂ,
ਜੱਗ ਦੀ ਲਾਜ ਦਾ ਜ਼ਹਿਰ ਕਦੀ ਤੂੰ,
ਨਾ ਘੋਰੀਂ ਨਾ ਘੋਰੀਂ ਵੇ ਬਾਬਲ,
ਨਾ ਤੋਰੀਂ ਨਾ ਤੋਰੀਂ.....

ਕਰ ਲੈ ਬਾਬਲ ਤਕੜਾ ਜੇਰਾ,
ਤੋੜਦੇ ਇਹ ਜੱਗ-ਬੰਧਨਾਂ ਦਾ ਘੇਰਾ,
ਇਹ ਤਾਂ ਮੇਲ ਰੂਹਾਂ ਦਾ ਹੁੰਦਾ,
ਤੂੰ ਕਿਉਂ ਪੈਂਦੈ ਝੋਰੀਂ ਵੇ ਬਾਬਲ,
ਨਾ ਤੋਰੀਂ ਨਾ ਤੋਰੀਂ ਵੇ ਬਾਬਲ,
ਕਦੀ ਨਿਹੁੰ ਨਾ ਲਗਦੇ ਜੋਰੀ ਵੇ ਬਾਬਲ।
ਕਦੀ ਨਿਹੁੰ ਨਾ ਲਗਦੇ ਜੋਰੀਂ
✪

## ਗ਼ਜ਼ਲ

ਤੰਗੀ-ਤੁਰਸ਼ੀ ਦੇ ਮਾਰੇ ਲੋਕ
ਲਗਦੇ ਹਾਰੇ-ਹਾਰੇ ਲੋਕ

ਨੇਤਾਵਾਂ ਨੂੰ ਤਾਕਤ ਦੇ ਕੇ
ਲੱਭਦੇ ਫਿਰਨ ਸਹਾਰੇ ਲੋਕ

ਨੀਤੀਵੇਤਾ ਬਣ-ਬਣ ਬਹਿੰਦੇ
ਅਕਲੋਂ ਨਿਰੇ ਗੁਬਾਰੇ ਲੋਕ

ਮਿਹਨਤਕਸ਼ ਨੇ ਭੁੱਖੇ ਮਰਦੇ
ਰੱਜ-ਰੱਜ ਖਾਣ ਨਿਕਾਰੇ ਲੋਕ

ਹੱਕ-ਸੱਚ ਦੀ ਗੱਲ ਜੋ ਕਰਦੇ
ਸਮਝੇ ਜਾਣ ਲਾਚਾਰੇ ਲੋਕ

ਹਮਦਰਦੀ ਦਾ ਢੌਂਗ ਰਚਾਉਂਦੇ
ਲੋਕਾਂ ਦੇ ਹਤਿਆਰੇ ਲੋਕ

ਦੇਣ ਧਮਕੀਆਂ, ਕੱਢਣ ਗਾਲ੍ਹਾਂ
ਤਾਕਤ ਦੇ ਹੰਕਾਰੇ ਲੋਕ

ਅਕਲਾਂ ਦੇ ਜੋ ਪਾਠ ਪੜ੍ਹਾਉਂਦੇ
ਅਕਲੋਂ ਨਿਰੇ ਗੁਬਾਰੇ ਲੋਕ

ਪਹਿਰਾਵੇ ਦੇ ਜੋ ਕਰਨ ਦਿਖਾਵੇ
ਜਾਂਦੇ ਉਹ ਸਤਿਕਾਰੇ ਲੋਕ

ਕੱਖਾਂ ਤੋਂ ਵੀ ਹੌਲੇ ਜਾਪਣ
ਪੱਥਰਾਂ ਵਰਗੇ ਭਾਰੇ ਲੋਕ

ਆਪਣੇ ਮਹਿਲ ਉਸਾਰਨ ਖ਼ਾਤਿਰ
ਢਾਹ ਦਿੰਦੇ ਨੇ ਢਾਰੇ ਲੋਕ

ਨੇਤਾ ਚੁਣ ਕੇ ਆਪਣੇ ਹੱਥੀਂ
ਫਿਰਦੇ ਮਾਰੇ-ਮਾਰੇ ਲੋਕ

✪

# .ਗ਼ਜ਼ਲ

ਆਪਣੇ ਵਿਚਲਾ ਰਾਵਣ ਜੇਕਰ ਮਾਰੋਗੇ।
ਆਪ ਤਰੋਗੇ ਨਾਲੇ ਦੁਨੀਆਂ ਤਾਰੋਗੇ।

ਇਹ ਦੁਨੀਆਂ ਕਦੀ ਜਿੱਤ ਨਾ ਹੋਈ,
ਵਾਂਗ ਸਿਕੰਦਰ ਖਾਲੀ ਹੱਥ ਸਿਧਾਰੋਗੇ।

ਪੌਣ - ਪਾਣੀ ਪ੍ਰਦੂਸ਼ਿਤ ਕਰਕੇ ਕਿੱਦਾਂ,
ਧਰਤੀ ਉੱਤੇ, ਕਿਹੜਾ ਸਵਰਗ ਉਤਾਰੋਗੇ।

ਇਹ ਜੀਵਨ ਤਦ ਸਹਿਲਾ ਬਣਦਾ,
ਚਾਦਰ ਦੇਖੇ, ਜੇਕਰ ਪੈਰ ਪਸਾਰੋਗੇ।

ਰਿਸ਼ਤੇ - ਨਾਤੇ ਭਾਈਚਾਰੇ ਭੁੱਲਕੇ ਯਾਰੋ,
ਲੋੜ ਪੈਣ ਤੇ ਕਿਸ ਨੂੰ ਤੁਸੀਂ ਪੁਕਾਰੋਗੇ।

ਵਿਚ ਖੁਰਾਕਾਂ ਜ਼ਹਿਰ ਮਿਲਾਉਂਦੇ ਨਾ ਸ਼ਰਮਾਉਂਦੇ,
ਇਸ ਤੋਂ ਵੱਡਾ, ਹੋਰ ਕੀ ਕਹਿਰ ਗੁਜ਼ਾਰੋਗੇ।

ਜੀਣਾ ਸਿੱਖੋ ਜੀਣ ਦਿਓ ਤੁਸੀਂ ਹੋਰਾਂ ਨੂੰ,
ਪਾਉਗੇ ਸਤਿਕਾਰ ਤੁਸੀਂ ਜੇ, ਹੋਰਾਂ ਨੂੰ ਸਤਿਕਾਰੋਗੇ।

ਭਰੂਣ ਹੱਤਿਆ ਕੁੜੀਆਂ ਦੀ ਜੇ ਰੋਕੀ ਨਾ,
ਦੱਸੋ! ਨਾਲ ਸਿਹਰਿਆਂ ਲਾੜੇ, ਕਿਨ੍ਹਾਂ ਲਈ ਸ਼ਿੰਗਾਰੋਗੇ।

ਗੂੰਗੇ, ਬੋਲੇ, ਨਿਰਜਿੰਦ ਅੰਨ੍ਹੇ ਬੁੱਤਾਂ ਨੂੰ,
ਪੂਜ - ਪੂਜ ਕੇ, ਦੱਸੋ ਕੀ ਸੁਆਰੋਗੇ।

✪

## ਗ਼ਜ਼ਲ

ਖ਼ਾਬਾਂ ਦੀ ਦੁਨੀਆਂ ਵਿਚ, ਭਟਕਣਾ ਛੱਡੋ ਯਾਰੋ।
ਵਿਚਰਦੇ ਹੋ ਜਿੱਥੇ, ਕਰੋ ਉਸ ਸੰਸਾਰ ਦੀ ਗੱਲ।

ਚਹਿਚਹਾਉਣਗੇ ਜਦੋਂ ਪੰਛੀ, ਉੱਡਣਾ ਹੈ ਜਦੋਂ ਤਿਤਲੀਆਂ,
ਗੱਲ ਕਰਨੀ ਹੈ ਤਾਂ, ਕਰੋ ਉਸ ਬਹਾਰ ਦੀ ਗੱਲ।

ਵੰਡਣੀ ਹੈ ਜਦੋਂ ਖ਼ੁਸ਼ਬੂ ਫੁੱਲਾਂ, ਬੇਲਿਹਾਜ਼ ਸਭ ਨੂੰ,
ਗੱਲ ਕਰਨੀ ਹੈ ਤਾਂ ਕਰੋ, ਉਸ ਗੁਲਜ਼ਾਰ ਦੀ ਗੱਲ।

ਪੀ ਲੈਂਦਾ ਹੈ ਜੋ ਡੀਕ ਲਾਕੇ, ਕਿਸੇ ਦੇ ਗ਼ਮ,
ਗੱਲ ਕਰਨੀ ਹੈ ਤਾਂ ਕਰੋ, ਉਸ ਗ਼ਮਖਾਰ ਦੀ ਗੱਲ।

ਇਕੋ ਆਦਮ ਦੇ ਜਾਏ ਹਾਂ ਅਸੀਂ, ਫਿਰ ਦਵੈਸ਼ ਕੈਸੀ,
ਗੱਲ ਕਰਨੀ ਹੈ ਤਾਂ ਕਰੋ, ਸਾਂਝੇ ਪਰਿਵਾਰ ਦੀ ਗੱਲ।

ਤੁਰਦਾ ਹੈ ਜੋ ਬਣਕੇ ਰਹਿਬਰ ਸਾਡੇ ਲਈ,
ਗੱਲ ਕਰਨੀ ਹੈ ਤਾਂ ਕਰੋ, ਉਸ ਸ਼ਾਹ ਸਵਾਰ ਦੀ ਗੱਲ।

ਵੰਡਦਾ ਹੈ ਜੋ ਖ਼ੁਸ਼ੀਆਂ, ਲੈ ਕੇ ਹੋਰਨਾਂ ਦੇ ਗ਼ਮ,
ਗੱਲ ਕਰਨੀ ਹੈ ਤਾਂ ਕਰੋ, ਉਹਦੇ ਕਿਰਦਾਰ ਦੀ ਗੱਲ।

ਕਰੋ ਨਾ ਖੜ੍ਹੀਆਂ ਨਿੱਤ ਨਵੀਆਂ ਜ਼ਹਿਮਤਾਂ ਲੋਕਾਂ ਲਈ,
ਗੱਲ ਕਰਨੀ ਹੈ ਤਾਂ ਕਰੋ, ਕਿਸੇ ਦਿਲਦਾਰ ਦੀ ਗੱਲ।

ਘਨ੍ਹਈਆ ਬਣੋ, ਜਾਂ ਬਣੋ ਨਾਈਟਿੰਗੇਲ,
ਗੱਲ ਕਰਨੀ ਹੈ ਤਾਂ ਕਰੋ, ਐਸੇ ਖਿਦਮਤਦਾਰ ਦੀ ਗੱਲ।

ਉਰਾਰ ਖੜ੍ਹਿਆ ਮੰਜ਼ਲ ਕਦੀ ਸਰ ਨਹੀਂ ਹੋਣੀਂ,
ਗੱਲ ਕਰਨੀ ਹੈ ਤਾਂ ਕਰੋ ਅਗਲੇ ਪਾਰ ਦੀ ਗੱਲ।

ਆਪਣੇ ਲਈ ਤਾਂ ਹਰ ਕੋਈ ਜੀਣਾ ਜਾਣਦੈ।
ਗੱਲ ਕਰਨੀ ਹੈ ਤਾਂ ਕਰੋ ਕਿਸੇ ਪਰਉਪਕਾਰ ਦੀ ਗੱਲ।

✪

## .ਗ਼ਜ਼ਲ

ਦਿਲ ਕਰਦਾ ਏ ਕਿਸੇ ਨੂੰ, ਆਪਣਾ ਬਣਾ ਕੇ ਵੇਖਾਂ।
ਕਿਸੇ ਨੂੰ ਉਡੀਕਣ ਖ਼ਾਤਰ, ਅੱਖਾਂ ਮੈਂ ਪਕਾ ਕੇ ਵੇਖਾਂ।

ਕਦੀ ਪਿਆਰ ਜਤਾਵਣ ਖ਼ਾਤਰ, ਨਜ਼ਰਾਂ ਤਾਂ ਝੁਕਾ ਕੇ ਵੇਖਾਂ।
ਕਿਸੇ ਨੂੰ ਮੈਂ ਪਾਵਣ ਖ਼ਾਤਰ, ਆਪਾ ਤਾਂ ਲੁਕਾ ਕੇ ਵੇਖਾਂ।

ਛਹੁ ਪਾਕੇ ਕਿਸੇ ਦੀ ਤਨ ਨੂੰ, ਕੰਬਣੀ ਤਾਂ ਛਿੜਾ ਕੇ ਵੇਖਾਂ।
ਮੈਂ ਕਿਸੇ ਦੀ ਸਦਾਵਣ ਖ਼ਾਤਰ, ਆਪਾਂ ਤਾਂ ਲੁਟਾ ਕੇ ਵੇਖਾਂ।

ਹਿਜ਼ਰਾਂ ਵਿਚ ਰੋਕੇ ਆਪਣੇ, ਹੰਝੂ ਤਾਂ ਬਹਾ ਕੇ ਵੇਖਾਂ।
ਮੈਂ ਪਾਕੇ ਜੁਦਾਈ ਉਸ ਤੋਂ, ਗ਼ਮ ਦਿਲ ਨੂੰ ਲਗਾ ਕੇ ਵੇਖਾਂ।

ਕੋਈ ਦਾਮਨ ਜੇ ਪਕੜੇ ਮੇਰਾ, ਦਾਮਨ ਤਾਂ ਬਚਾ ਕੇ ਵੇਖਾਂ।
ਇਸ ਹੁਸਨ ਦੀ ਸ਼ਮਾ ਦਾ ਕੋਈ, ਪ੍ਰਵਾਨਾਂ ਤਾਂ ਬਣਾ ਕੇ ਵੇਖਾਂ।

ਮੈਂ ਕਿਸੇ ਦੀ ਸਦਾਵਣ ਖ਼ਾਤਰ, ਕਿਸੇ ਵਿਚ ਤਾਂ ਸਮਾ ਕੇ ਵੇਖਾਂ।
ਕੀਤੇ ਮੈਂ ਭੁਲਾ ਕੇ ਵਾਹਦੇ, ਮੈਂ ਕਿਸੇ ਨੂੰ ਸਤਾਕੇ ਵੇਖਾਂ।

ਕੋਈ ਵੇਖਣ ਲਈ ਚੰਨ ਮੁੱਖੜਾ, ਨਜ਼ਰਾਂ ਤਾਂ ਉਠਾ ਕੇ ਵੇਖਾਂ।

✪

## .ਗ਼ਜ਼ਲ

ਕੀ ਬਣਿਆ ਦੱਸ ਪਿਆਰਾਂ ਦਾ।
ਇਹ ਟੁੱਟੀਆਂ ਦਿਲ ਦੀਆਂ ਤਾਰਾਂ ਦਾ।

ਬੇੜੀ ਸੀ ਮੰਝਦਾਰ ਜੇ ਛੱਡਣੀ,
ਕਿਉਂ ਲਾਰਾ ਲਾਇਆ ਪਾਰਾਂ ਦਾ।

ਲੱਖਾਂ ਜਹੀ ਜਵਾਨੀ ਰੁਲ ਗਈ,
ਤੂੰ ਲੇਖਾ ਕਰੇ ਹਜ਼ਾਂਰਾਂ ਦਾ।

ਪਿਆਰਾਂ ਦੇ ਫੁੱਲ ਹਿਜ਼ਰਾਂ ਝੁਲਸੇ,
ਕੀ ਕਰਨਾ ਹੁਣ ਬਹਾਰਾਂ ਦਾ।

ਕਦੀ ਪਲ ਨਾ ਓਝਲ ਹੁੰਦਾ ਸੈਂ,
ਹੁਣ ਵਿਹਲ ਨੀਂ ਸਾਡੀਆਂ ਸਾਰਾਂ ਦਾ।

ਭੌਰੇ ਦਾ ਜੂਠਾ ਖਾ ਬੈਠਾ,
ਥਹੁ ਨਾ ਦੱਸਦਾ ਠਾਰ੍ਹਾਂ ਦਾ।

ਤੂੰ ਮਹਿਕਾਂ ਦੀ ਹੱਟ ਸਜਾ ਬੈਠਾ,
ਸਾਨੂੰ ਵਿਰਸਾ ਮਿਲਿਆ ਖਾਰਾਂ ਦਾ।

✪

## ਗ਼ਜ਼ਲ

ਮੁਖਬਰਾਂ ਦੀ ਮੁਖਬਰੀ ਨੇ ਕੀਤਾ ਕਮਾਲ ਹੈ,
ਪਿਆਰ ਜਿਵੇਂ ਸਾਡਾ ਤਸਕਰੀ ਦਾ ਮਾਲ ਹੈ।

ਕਦੋਂ ਆਏ, ਕਿੱਥੋਂ ਆਏ, ਕਿਵੇਂ ਆਏ,
ਰਖਦੇ ਉਹ ਏਦਾਂ ਸਾਡਾ ਖ਼ਿਆਲ ਹੈ।

ਕੌਣ ਆਇਆ, ਕਦੋਂ ਅਤੇ ਕਿੱਥੋਂ ਆਇਆ,
ਉਨ੍ਹਾਂ ਲਈ ਬਣਿਆ ਔਖਾ ਸਵਾਲ ਹੈ।

ਇਹ ਤਾਂ ਦੋ ਦਿਲਾਂ ਦਾ ਮੇਲ ਹੈ,
ਤੀਜਾ ਫਿਰੇ ਬਣਿਆ ਐਵੇਂ ਭਿਆਲ ਹੈ।

ਉਹ ਤਾਂ ਖਬਰੇ ਦਿਲ-ਲਗੀ ਨੇ ਕਰਦੇ,
ਸਾਨੂੰ ਤਾਂ ਕੀਤਾ ਹਾਲੋਂ-ਬੇਹਾਲ ਹੈ।

ਕੈਦੋ ਦੇ ਹਾਣੀ ਪਗ-ਪਗ ਤੇ ਮਿਲਦੇ,
ਸਦਾ ਹੀ ਉਹ ਉਣਦੇ ਫਰੇਬਾਂ ਦਾ ਜਾਲ ਹੈ।

✪

## ਗ਼ਜ਼ਲ

ਜੀਣਾ ਸੀ ਜਿੰਨਾ ਜੀ ਲਿਆ,
ਜ਼ਹਿਰ ਤੇਰੇ ਹਿਜ਼ਰ ਦਾ ਡੀਕ ਲਾ ਕੇ ਪੀ ਲਿਆ।

ਇਕ ਤਾਰ ਲੈ ਕੇ ਸਬਰ ਦੀ,
ਫੱਟ ਹਿਜ਼ਰਾਂ ਦਾ ਸੀ ਲਿਆ।

ਆਪਣਾ ਵਜੂਦ ਖ਼ਤਮ ਆਪੇ ਕਰ ਲਿਆ,
ਕਿਸੇ ਦਾ ਦੱਸ ਮੈਂ ਕੀ ਲਿਆ।

ਹਿਜ਼ਰਾਂ ਦੀ ਚੱਕੀ ਝੋ ਲਈ,
ਸੱਧਰਾਂ ਨੂੰ ਉਸ ਵਿਚ ਪੀਹ ਲਿਆ।

ਦਰ - ਦਰ ਮੈਂ ਖ਼ੁਸ਼ੀਆਂ ਵੰਡੀਆਂ,
ਖ਼ੁਦ ਲਈ ਗ਼ਮ ਪ੍ਰੀਹ ਲਿਆ।

✪

## ਗ਼ਜ਼ਲ

ਰੱਬ ਤੋਂ ਨਾ ਹੁਣ ਡਰਦੇ ਲੋਕ,
ਮਨ ਆਈਆਂ ਨੇ ਕਰਦੇ ਲੋਕ।

ਉੱਨਤ ਹੁੰਦਾ ਦੇਖ ਗੁਆਂਢੀ,
ਦਿਲ ਵਿਚ ਸਾੜਾ ਕਰਦੇ ਲੋਕ।

ਨਾ ਜੀਂਦੇ ਨਾ ਜਿਉਣ ਹੀ ਦੇਂਦੇ,
ਐਸੇ ਕਾਰੇ ਕਰਦੇ ਲੋਕ।

ਤਲਖ ਮਿਜਾਜ਼ੀ ਤੋਂ ਕੰਮ ਲੈਂਦੇ,
ਧੀਰ ਜ਼ਰਾ ਨਾ ਧਰਦੇ ਲੋਕ।

ਵਿੱਚ ਵਿਦੇਸੀਂ ਕਰਨ ਮਜ਼ਦੂਰੀ,
ਹੁੰਦੇ ਸਰਦੇ ਵਰਦੇ ਲੋਕ।

ਚਾਦਰ ਵੇਖ ਨਾ ਪੈਰ ਪਸਾਰਨ,
ਬਣਨ ਭਿਖਾਰੀ ਦਰ-ਦਰ ਦੇ ਲੋਕ।

ਬੇਗਾਨੇ ਨੂੰ ਗਲੇ ਲਗਾਉਂਦੇ,
ਹਮਸਾਏ ਤੋਂ ਡਰਦੇ ਲੋਕ।

ਹੋਂਦ ਗੁਆਂਚਣ ਤੋਂ ਸਭ ਡਰਦੇ,
ਸੌ-ਸੌ ਦੁੱਖੜੇ ਜਰਦੇ ਲੋਕ।

ਉਂਗਲਾਂ ਤੇ ਜੋ ਰਹੇ ਨਚਾਉਂਦਾ,
ਪਾਣੀ ਉਸਦਾ ਭਰਦੇ ਲੋਕ।